# ਅੰਮ੍ਰਿਤ ਕੀਰਤਨ

ਮਾਰਚ 2001

AMRIT KIRTAN



# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 3 ◆ ਸਾਲ ਤੇਹ੍ਵਾਂ ◆ ਮਾਰਚ 2001



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ.(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



ਚੰਦੇ ਦਾ ਵੇਰਵਾ :
◆ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.
◆ ਵਿਦੇਸ਼: ਸਲਾਨਾ 30 $ ਜੀਵਨ ਮੈਂਬਰ (15 ਸਾਲ) 300 $

ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ:* 6000 ਰੁਪਏ
*ਕਵਰ ਦੇ ਅੰਦਰਲੇ ਪੰਨੇ:* 4000 ਰੁਪਏ
*ਸਾਧਾਰਨ ਪੂਰਾ ਪੰਨਾ:* 2000 ਰੁਪਏ



ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915
**e-mail:** drjagirsingh@rediffmail.com



'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961 vide CIT/ CHD/ 80-G/78/Tech. dated 30/7/1999 valid upto 31/3/2001



**2** **ਮਿਤ੍ਰ ਅਸਾਡੜੇ ਸੇਈ**

**5** **ਕਰਉ ਬੇਨੰਤੀਆ**

**6** **ਜਪੁਜੀ ਦਾ ਕਲਾ ਪੱਖ**
ਪ੍ਰੋ. ਚਾਨਣ ਸਿੰਘ ਨਿਰਮਲ

**13** **ਗੁਰਸਿਖ ਮੀਤ ਚਲਹੁ ਗੁਰ ਚਾਲੀ... ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ**
ਰਮੇਸ਼ ਸਿੰਘ

**20** **ਕੈਸਟ ਸਮੀਖਿਆ**
ਅਵਤਾਰ ਸਿੰਘ ਹੰਸ

**22** **ਪਰਲੋ ਦਾ ਦੌਰ**
ਡਾ. ਗੁਰਮੀਤ ਸਿੰਘ ਬੈਦਵਾਣ

**23** **Wake-up call to the Khalsa-when shall we concentrate on character-building?**
Bhagawant Singh Dalawari

**30** **How to achieve communal harmony**
Jagjit Singh Jabewal

**28** **Summary of the inter religious dialogue**
Leena Walter Pinto

**33** **ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ**
ਮਨਮੋਹਨ ਸਿੰਘ

**35** **ਸੁਰ-ਲਿਪੀਆਂ**
ਡਾ. ਗੁਰਨਾਮ ਸਿੰਘ


ਕਵਰ ਚਿੱਤਰ :
**Courtesy: Humanity**


ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ ਮੈਂ ਦੇਖ ਰਿਹਾ ਹਾਂ ਕਿ 'ਅੰਮ੍ਰਿਤ ਕੀਰਤਨ' ਅਕੈਡਮਿਕ ਪੱਖ ਤੋਂ ਕਾਫੀ ਵਿਕਾਸ ਕਰ ਰਿਹਾ ਹੈ। ਸੰਗੀਤ ਬਾਰੇ ਕਈ ਚੰਗੇ ਲੇਖ ਛਾਪੇ ਗਏ ਹਨ ਜੋ ਕਿ ਇਸਦਾ ਗੌਰਵ ਸਥਾਪਤ ਕਰਦੇ ਹਨ। ਫਰਵਰੀ ਅੰਕ ਵਿੱਚ ਪੰਜਾਬ ਦੇ ਦੋ ਮਹਾਨ ਸੰਗੀਤਕਾਰਾਂ ਦਾ ਪਰਿਚਯ ਦਿੱਤਾ ਗਿਆ ਹੈ, ਇਹ ਸ਼ਲਾਘਾਯੋਗ ਹੈ। ਭਾਈ ਬਹਾਦਰ ਸਿੰਘ ਵਾਦਨ ਕਲਾ ਵਿੱਚ ਬੜੇ ਪ੍ਰਸਿੱਧ ਸਨ ਤੇ ਭਾਈ ਹਰਚੰਦ ਸਿੰਘ ਜੀ ਦਾ ਗਲਾ ਤੇ ਸੁਰ ਸਾਧਨਾ ਵੀ ਨਿਵੇਕਲੇ ਸਰੂਪ ਦੀ ਧਾਰਨੀ ਹੈ, ਜੋ ਹਰੇਕ ਰਾਗੀ ਵਿੱਚ ਪ੍ਰਾਪਤ ਨਹੀਂ। 'ਸਿੱਖ ਸੰਗੀਤਕਾਰ ਕੋਸ਼' ਦੀ ਯੋਜਨਾ ਸਨਮੁਖ ਰਖ ਕੇ, ਮੁਖੀ ਗਵਈਆਂ ਦਾ ਪਰਿਚਯ, ਚਿੱਤਰਾਂ ਸਮੇਤ ਦੇਣਾ ਗੁਣਕਾਰੀ ਹੋਵੇਗਾ। ਦਿਨ ਬਦਿਨ ਅਲੋਪ ਹੋ ਰਹੇ ਇਨ੍ਹਾਂ ਗੁਣਵੰਤ ਕਲਾਕਾਰਾਂ ਦੀ ਜਾਣ ਪਛਾਣ ਸੰਭਾਲਣਾ ਬਹੁਤ ਲੋੜੀਦਾਂ ਕਾਰਜ ਹੈ, ਚਿੱਠੀਆਂ ਲਿਖਕੇ ਜਾਣਕਾਰੀ ਮੰਗਦੇ ਰਹੋ।

– *ਪਿਆਰਾ ਸਿੰਘ ਪਦਮ,* ਕਮਲ ਮੰਦਿਰ, ਲੋਅਰਮਾਲ, ਪਟਿਆਲਾ

★ ਆਪ ਦਾ ਪੌੜੀਆਂ ਦੇ ਬਾਰੇ ਲਿਖਣਾ ਬਹੁਤ ਹੀ ਸ਼ਲਾਘਾਯੋਗ ਹੈ। ਮੇਰੇ ਖਿਆਲ ਵਿੱਚ ਇਸ ਨੂੰ ਪੜ੍ਹ ਕੇ ਬਹੁਤ ਸਾਰੇ ਲੋਕ ਤਰ ਜਾਣਗੇ ਕਿਉਂਕਿ ਰੋਜ਼ਾਨਾ ਜ਼ਿੰਦਗੀ ਵਿੱਚ ਹਰ ਇਨਸਾਨ ਕਿਧਰੇ ਨਾ ਕਿਧਰੇ ਤਾਂ ਪੌੜੀਆਂ ਚੜ੍ਹਦਾ ਹੀ ਹੋਏਗਾ ਤੇ ਇਸੇ ਬਹਾਨੇ ਉਹ ਸਿਮਰਨ ਵੀ ਕਰੇਗਾ ਤੇ ਮੰਜਲ ਤਕ ਪਹੁੰਚੇਗਾ। ਵਾਕਈ ਇਹ ਪਹਿਲੀ ਵਾਰ ਇਹਸਾਸ ਹੋਇਆ ਹੈ ਕਿ ਪੌੜੀਆਂ ਬੜੀਆਂ ਹੀ ਪਿਆਰੀਆਂ ਹੁੰਦੀਆਂ ਹਨ ਜੇ ਸੋਚ ਉੱਚੀ ਲੈ ਜਾਓ ਤਾਂ।

'ਸਾਡਾ ਪਿਆਰਾ ਸੂਫੀ' ਦੇ ਆਰਟੀਕਲ ਪੜ੍ਹਨ ਤੋਂ ਬਾਦ ਕਈ ਚਿੱਠੀਆਂ ਆਈਆਂ ਹਨ। ਸਭ ਦੀ ਧੰਨਵਾਦੀ ਹਾਂ ਕਿ ਮੇਰੇ ਸੂਫੀ ਨੂੰ ਸਭ ਨੇ ਪਿਆਰ ਦਿੱਤਾ। ਨੀਲਧਾਰੀ ਜੀ ਦੇ ਅਨੁਸਾਰ ਉਹ ਇੱਕ ਪਿਆਰੀ ਜਿਹੀ ਆਤਮਾ ਸੀ। ਸੱਚ ਹੈ ਜੋ ਕੂਕਰ ਸਾਰੀ ਉਮਰ ਕਿਸੇ ਜਾਨਵਰ ਨੂੰ ਵੀ ਭੌਂਕਿਆ ਨਾ ਹੋਵੇ ਤੇ ਜਦੋਂ ਪੂਛ ਤੇ ਕਿਸੇ ਦਾ ਪੈਰ ਵੀ ਆ ਜਾਏ ਤੇ ਉਹ ਉਠਕੇ ਉਸੇ ਸ਼ਖਸ਼ ਦਾ ਹੱਥ ਚੁੰਮ ਲਏ –ਐਸੀ ਆਤਮਾ ਵਿਰਲੀ ਹੀ ਹੁੰਦੀ ਹੈ। ਕੀ ਅਸੀਂ ਐਸੀ ਨਿਮਰਤਾ ਨਹੀਂ ਸਿੱਖ ਸਕਦੇ।

ਦਿਲਾਵਰੀ ਜੀ ਬਹੁਤ ਪਹੁੰਚੀ ਹੋਈ ਤੇ ਗੁਰੂ ਨਾਲ ਜੁੜੀ ਹੋਈ ਸ਼ਖਸ਼ੀਅਤ ਹਨ। ਉਹਨਾਂ ਜੋ ਖਤ ਮੈਨੂੰ ਸੂਫੀ ਬਾਰੇ ਲਿਖਿਆ ਉਸਦੇ ਜਵਾਬ ਵਿੱਚ ਮੈਂ ਸਿਰਫ ਇਹੀ ਕਹਾਂਗੀ ਕਿ ਜਿਸ extent ਤਕ ਉਹ 'ਰਜ਼ਾ' ਮੰਨਣਾ ਜਾਣਦੇ ਹਨ ਉੱਥੇ ਮੈਂ ਕਮਜ਼ੋਰ ਪੈ ਜਾਂਦੀ ਹਾਂ। ਮੈਂ ਇੱਕ ਆਮ ਜਿਹੀ ਕਮਜ਼ੋਰ ਦਿਲ ਵਾਲੀ ਲੜਕੀ ਹਾਂ ਜੋ ਗੁਰਬਾਣੀ ਨੂੰ ਪਿਆਰ ਕਰਦੀ ਹੈ ਤੇ ਗੁਰਬਾਣੀ ਨੂੰ ਆਪਣੇ ਜੀਵਨ ਦਾ ਅਧਾਰ ਬਣਾਉਣਾ ਚਾਹੁੰਦੀ ਹੈ। ਪਰ ਅਜੇ ਉਸ ਮੰਜਿਲ ਤੇ ਪਹੁੰਚੀ ਨਹੀਂ। ਭਾਣਾ ਮੰਨਣਾ ਬਹੁਤ ਜ਼ਰੂਰੀ ਹੈ ਪਰ ਔਖਾ ਵੀ ਹੈ। ਸੰਸਾਰ ਵਿੱਚ ਆ ਕੇ ਇਹ ਮੋਹ ਵੀ ਪਿਆਰੇ ਹਨ ਤੇ ਕਿਸੇ ਆਪਣੇ ਨੂੰ ਗਵਾ ਕੇ ਉਸ ਦੀ ਯਾਦ ਵਿੱਚ ਦੁਖੀ ਹੋਣਾ ਵੀ ਬੜਾ ਸੁਭਾਵਕ ਹੈ। ਜਿਨਾਂ ਨਾਲ ਇੱਕ-ਇੱਕ ਪਲ ਜੁੜਿਆ ਹੁੰਦਾ ਹੈ। ਉਹਨਾਂ ਦਾ ਮੁੜ ਕੇ ਕਦੀ ਵੀ ਨਾ ਦਿਖਾਈ ਦੇਣਾ ਦਿਲ ਨੂੰ ਬਾਰ-ਬਾਰ ਦੁਖਾਂਦਾ ਹੈ। ਜ਼ਿੰਦਗੀ ਦੀਆਂ ਸਚਿਆਈਆਂ ਜਿੱਥੇ ਖੂਬਸੂਰਤ ਹਨ ਉੱਥੇ ਕਈ ਦੁਖਦਾਇਕ ਵੀ ਹਨ। ਇੱਕ ਆਮ ਇਨਸਾਨ ਤੋਂ ਉੱਤੇ ਉਠਣ ਲਈ ਅਕਾਲ ਪੁਰਖ ਦੀ ਬਖਸ਼ਿਸ਼ ਦੀ ਬੜੀ ਲੋੜ ਹੁੰਦੀ ਹੈ। ਮੈਂ ਤਾਂ ਅਜੇ ਆਪਣੀ ਮੰਜਿਲ ਤਕ ਪਹੁੰਚਣ ਲਈ ਹੱਥ ਪੈਰ ਮਾਰ ਰਹੀ ਹਾਂ।

ਦਿਲਾਵਰੀ ਜੀ ਦਾ ਆਰਟੀਕਲ 'The Blessing of Amrit' ਵਾਕਈ ਹੀ ਬਹੁਤ ਖੂਬਸੂਰਤ ਹੈ। ਇੱਕ ਅੰਮ੍ਰਿਤਧਾਰੀ ਗੁਰਸਿੱਖ ਹੋਣ ਦੇ ਨਾਤੇ ਜੋ ਉਨ੍ਹਾਂ ਨੇ ਪਾਇਆ ਹੈ ਜੋ ਬਖਸ਼ਿਸ਼ ਉਨ੍ਹਾਂ ਤੇ ਹੈ ਉਹ ਕਿਸੇ ਵਿਰਲੇ ਵਿੱਚ ਹੁੰਦੀ ਹੈ। 'ਤੇਰਾ ਜਨ ਏਕ ਆਧ ਕੋਈ' ਜੋ ਗੁਣ ਉਨ੍ਹਾਂ ਵਿੱਚ ਹਨ ਉਹ ਸਾਰਿਆਂ ਵਿੱਚ ਹੁੰਦੇ ਤਾਂ ਕਿੰਨਾ ਚੰਗਾ ਹੁੰਦਾ। ਵਰਨਾ ਸੱਚ ਪੁੱਛੋ ਤਾਂ ਆਤਮਾ ਜ਼ਖਮੀ ਹੁੰਦੀ ਹੈ ਅਜਕਲ੍ਹ ਦੇ ਕਈ ਅੰਮ੍ਰਿਤਧਾਰੀਆਂ ਨੂੰ ਵੇਖ ਕੇ। ਮੇਰੇ ਮਨ ਵਿੱਚ ਗੁਰਸਿੱਖ ਦੀ ਇੱਕ ਬੜੀ ਹੀ Pious Image ਬਣੀ ਹੋਈ ਹੈ। ਪਰ ਜਦੋਂ ਅੱਜ ਦੇ ਗੁਰਸਿੱਖ ਦੇਖਦੀ ਹਾਂ ਤਾਂ ਬਾਰ-ਬਾਰ ਦਿਲ ਕਲਪਦਾ ਹੈ। ਕਲਗੀਆਂ ਵਾਲਾ ਵੀ ਜ਼ਰੂਰ ਦੁਖੀ ਹੁੰਦਾ ਹੋਏਗਾ। ਅੰਮ੍ਰਿਤਧਾਰੀਆਂ ਦਾ ਅੱਜ ਦਾ moral ਦੇਖ ਕੇ! ਜਿੱਥੇ ਬੜੇ ਉੱਚੇ ਸੁੱਚੇ ਗੁਰਸਿੱਖ ਹਨ ਉੱਥੇ ਬਹੁਤ ਸਾਰੇ ਗੁਰਸਿੱਖ ਐਸੇ ਹਨ ਜਿਨਾਂ ਅੰਮ੍ਰਿਤ ਛਕਣਾ ਇੱਕ formality ਸਮਝਿਆ ਹੈ। ਉਹ ਖੁੱਲੇ ਆਮ ਦੂਜਿਆਂ ਦੀ ਨਿੰਦਾ ਵੀ ਕਰਦੇ ਹਨ-

ਖੁੱਲ੍ਹੇ ਆਮ ਮੰਦਾ ਵੀ ਬੋਲਦੇ ਹਨ। ਅਹੰਕਾਰ ਤੇ ਈਰਖਾ ਨਾਲ ਭਰੇ ਹੋਏ ਵੀ ਹੁੰਦੇ ਹਨ ਤੇ ਆਪਣੇ ਮਕਸਦ ਪੂਰੇ ਕਰਨ ਲਈ ਦੂਜੇ ਨੂੰ ਨੁਕਸਾਨ ਪੁਹਚਾਣੋ ਨਹੀਂ ਕਤਰਾਂਦੇ। ਛੋਟੀਆਂ-ਛੋਟੀਆਂ ਗੱਲਾਂ ਵਿੱਚ ਝੂਠ ਵੀ ਬੋਲਦੇ ਹਨ। ਬਹਿ ਕੇ ਤਾਸ਼ ਦੇ ਪੱਤਿਆਂ ਨਾਲ ਵੀ ਖੇਡਦੇ ਹਨ। ਬੀਬੀਆਂ ਨੇ ਅੰਮ੍ਰਿਤ ਪਾਨ ਕੀਤਾ ਹੁੰਦਾ ਹੈ ਪਰ ਪੂਰੇ ਮੇਕ ਅਪ ਵੀ ਕਰਦੀਆਂ ਹਨ ਤੇ ਮੱਥੇ ਤੇ ਬਿੰਦੀ ਵੀ ਲਗਾਈ ਹੁੰਦੀ ਹੈ ਜੇ ਪੁੱਛੋ ਤਾਂ ਕਹਿਣਗੀਆਂ ਬਿੰਦੀ ਲਾਣ ਦੀ ਮਨਾਹੀ ਨਹੀਂ ਫੈਸ਼ਨ ਪੂਰਾ ਹੋ ਜਾਏ ਇਸ ਲਈ ਕੰਘਾ ਸਲਵਾਰ ਨਾਲ ਲਟਕਾ ਲੈਂਦੀਆਂ ਹਨ ਤੇ ਵਾਲਾਂ ਨੂੰ ਕਲਿਪ ਨਾਲ ਕਸ ਲੈਂਦੀਆਂ ਹਨ। ਇਹ ਸਭ ਵੇਖ ਕੇ ਸ਼ਰਮਿੰਦਗੀ ਦਾ ਅਹਿਸਾਸ ਆਂਦਾ ਹੈ। ਦੂਜੇ ਧਰਮ ਦੇ ਲੋਕਾਂ ਨੂੰ ਨੀਚਾ ਸਮਝਦੇ ਹਨ ਬਹੁਤ ਲੋਕ ਅੰਮ੍ਰਿਤ ਛਕ ਕੇ ਵੀ। ਉਦੋਂ ਲਗਦਾ ਹੈ ਕਿ ਉਹਨਾਂ ਇਸ ਸ਼ਬਦ ਦੀ ਬੇਅਦਬੀ ਕੀਤੀ ਹੈ- *"ਸਭ ਮੈਂ ਜੋਤ ਜੋਤ ਹੈ ਸੋਇ"* ਜਾਂ ਫਿਰ *"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"* ਮੈਂ ਹੀ ਮੈਂ ਹੋਵਾਂ ਬਸ। ਇਹੋ ਜਿਹੀ mentality ਵੇਖ ਕੇ ਦਿਲ ਕਰਦਾ ਹੈ ਗੁਰੂ ਦੇ ਦੱਸੇ ਆਚਰਣ ਤੇ ਨਾ ਚਲ ਕੇ ਉਸਦਾ ਅੰਮ੍ਰਿਤ ਛਕ ਕੇ ਬੇਅਦਬੀ ਕਰਨ ਨਾਲੋਂ ਤਾਂ ਬਿਨਾਂ ਅੰਮ੍ਰਿਤ ਛਕੇ ਹੀ ਚੰਗੇ। ਮੰਨਦੀ ਹਾਂ ਜੇ ਦਿਲਾਵਰੀ ਜੀ ਵਾਂਗ ਸਭ ਤੇ ਐਸੀ ਬਖਸ਼ਿਸ਼ ਹੋ ਜਾਏ ਅੰਮ੍ਰਿਤ ਛਕਕੇ ਜੇਕਰ ਐਨਾ ਉਚਾ ਆਚਰਣ ਬਣ ਜਾਏ ਤਾਂ ਸ਼ਾਇਦ 'ਜਿਨ ਮਾਨਸ ਤੇ ਦੇਵਤੇ ਕੀਏ' ਤੇ ਫਿਰ ਇਹ ਦੁਨੀਆਂ ਖੂਬਸੂਰਤ ਹੋ ਜਾਏ। ਕਲਗੀਆਂ ਵਾਲਾ ਆਪਣੇ ਗੁਰਸਿੱਖਾਂ ਵਲ ਵੇਖ ਕੇ ਮਾਣ ਨਾਲ ਮੁਸਕੁਰਾਏ। ਗੁਰਸਿੱਖੀ ਪੂਰੇ universe ਵਿੱਚ ਇੱਕ ਮਿਸਾਲ ਬਣ ਜਾਏ ਤੇ ਲੋਕ ਇੱਕ ਦੂਸਰੇ ਨੂੰ ਕਹਿਣ ਕਿ ਜੇ ਆਚਰਣ ਵੇਖਣਾ ਹੈ ਤਾਂ ਅੰਮ੍ਰਿਤਧਾਰੀ ਗੁਰਸਿੱਖਾਂ ਦਾ ਵੇਖੋ।

ਆਪ ਜੋ ਕੁਝ 'ਅੰਮ੍ਰਿਤ ਕੀਰਤਨ' ਰਾਹੀਂ ਕਰ ਰਹੇ ਹੋ ਡਟੇ ਰਹੋ। ਅਕਾਲ ਪੁਰਖ ਦੀ ਬਖਸ਼ਿਸ਼ ਆਪ ਤੇ ਸਦਾ ਬਣੀ ਰਹੇ। ਤੁਸੀਂ ਤੇ ਤੁਹਾਡਾ ਮੈਗਜ਼ੀਨ ਦਿਨ ਰਾਤ ਵਧਣ ਫੁਲਣ। ਹਨੇਰੇ ਰਾਹਾਂ ਤਾਂ ਇੱਕ ਦੀਪਕ ਤੁਸੀਂ ਜਗਾਇਆ ਹੈ ਜੋ ਸਦਾ ਜਗਦਾ ਹੀ ਰਹੇ ਇਹੀ ਮੇਰੀ ਅਰਦਾਸ ਹੈ।

– ***ਬਬਲੀ ਐਸ. ਸਿੰਘ,*** 35/1-B, Model Gram, Ludhiana

★ ਜਨਵਰੀ ਅੰਕ ਬੇਹੱਦ ਪਸੰਦ ਆਇਆ। ਪਾਠਕਾਂ ਦੇ ਪੱਤਰ 'ਅੰਮ੍ਰਿਤ ਕੀਰਤਨ' ਡਾ. ਜਾਗੀਰ ਸਿੰਘ ਜੀ ਦੀ ਤਹਿਰੀਰ ਇੱਕ ਗਾਇਕ ਤੇ ਕੀਰਤਨੀਏ ਵਿੱਚ ਕੀ ਅੰਤਰ ਹੈ ਕਮਲਜੀਤ ਕੌਰ ਚੰਡੀਗੜ੍ਹ, ਵਲੋਂ ਬਹੁਤ ਹੀ ਖੂਬਸੂਰਤ ਲੇਖ ਸੀ। ਕਰਤਾਰ ਸਿੰਘ ਨੀਲਧਾਰੀ ਵਲੋਂ 'ਮਤ ਦੇਖ ਭੂਲਾ ਵੀਸਰੈ' ਲੇਖ, ਸਤਨਾਮ ਕੌਰ ਵਲੋਂ 'ਗੁਰ ਬਿਨ ਗਿਆਨ ਨਾ ਹੋਇ' ਲੇਖ, 'ਕੀ ਮੈਂ ਸਿੱਖ ਹਾਂ' ਕਵਿਤਾ ਵੱਲੋਂ ਕੁਲਦੀਪ ਸਿੰਘ ਜੀ, ਮੇਰੀ ਕੈਸਟ ਬਾਰੇ ਪ੍ਰੋ. ਐਮ. ਐਸ. ਸਚਦੇਵਾ ਵੱਲੋਂ ਵਿਚਾਰ ਅਤੇ ਡਾ. ਗੁਰਮੀਤ ਸਿੰਘ ਬੈਦਵਾਨ ਵੱਲੋਂ 'ਪੁਸਤਕ ਸਮੀਖਿਆ' ਬਹੁਤ ਵਧੀਆ ਲੱਗੀ। ਇਸੇ ਤਰ੍ਹਾਂ ਪ੍ਰੋ. ਤਾਰਾ ਸਿੰਘ ਵੱਲੋਂ ਰਾਗ ਸੋਰਠਿ ਵਿੱਚ ਤਿੰਨ ਸਾਲ ਲਈ ਬੰਦਸ਼ਾਂ ਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਆਏ ਹੁਕਮਨਾਮੇ ਦੇ ਅਰਥ ਆਦਿਕ ਲੇਖ ਬਹੁਤ ਹੀ ਕਾਬਲੇ ਤਾਰੀਫ਼ ਸੀ।

– ***ਮੰਗਤ ਸਿੰਘ ਮਸਤਾਨਾ,*** ਰਾਗੀ ਜਥਾ, ਮਲੋਟ

★ The article 'The Blessing of Guru Gobind Singh's Amrit' by Bhagwant Singh in your Jan. 2001 edition of 'Amrit Kirtan' is praise worthy. He very candidly brings out the reasons for an average sikh hesitating to become Amritdhari. His reasons with examples given in Para 1 to 15 in the middle of the article are very relevant. However, I am not very convinced of what he says initially in the article about achievements/character qualities of an amritdhari. In Para 1 to 15 he has quoted lines from Shri Granth Sahib in support of qualities of an Amritdhari. We know that Guru Granth Sahib (in the spirit of Guru Nanak) was compiled much before 10th Guru Gobind Singh Ji created 'Khalsa' by administering Amrit and giving 5 ks. Therefore these lines which Bhagwant Singh Dalawari has quoted (from Guru Granth Sahib) are supportive of any person

(whether Amritdhari or not) who reads and imbibes the teachings of Guru Granth Sahib in real life. Any person who reads & following the teachings of Granth Sahib will be :

a) Not afraid of death.
b) Will see the entire humanity as one family.
c) Will respect all others religions.
d) Fight for righteousness.
e) Will be honest, hard working & accept the Guru as his father, mother, brother, friend and saviour.
f) Believe one God and Guru as the divine light, to guide his path.

Guru Granth Sahib was installed as our Guru by the 10th Guru. And anybody who follows the teachings of Guru Granth Sahib will be a man 'per excellence' whether he is Amritdhari or otherwise. Therefore it is wrong to say that good qualities are only imbibed by Amritdhari. Good character qualities, as ordained in the Guru Granth Sahib can be developed by any individual if while regularly doing sangat, reading Gurbani and doing adequate 'Vichar', he imbibes into life what the Gurbani tells.

***- Col. A S Rattan,*** **Guru Nanak VBT Polytechnic, Mohali**

## *What are Problems ?*

| | |
|---|---|
| *P - Predictions* | : They help to mould our future. |
| *R - Reminders* | : We are not self sufficient. We need god and others to help. |
| *O - Opportunities* | : They pull us out of our rut and cause us to think creatively. |
| *B - Blessings* | : They open up doors we usually don't go through. |
| *L - Lessons* | : Each new challenge will be our teacher. |
| *E - Everywhere* | : No place or person is excluded from them. |
| *M - Messages* | : They warn us about potential disaster. |
| *S - Soluble* | : No problem is without a solution. |

**With best compliments from a wellwisher**

# ਕੀ 'ਅੰਮ੍ਰਿਤ ਕੀਰਤਨ' ਬੰਦ ਕਰ ਦੇਈਏ?

ਮੈਂ ਜਿਹਨਾਂ ਦਿਨਾਂ ਵਿੱਚ ਗੁਰਮਤਿ ਕਾਲਜ ਪਟਿਆਲਾ ਵਿਖੇ ਧਾਰਮਿਕ ਅਧਿਐਨ ਦੀ ਐਮ. ਏ. ਕਰ ਰਿਹਾ ਸਾਂ ਉਦੋਂ ਸੰਤ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਦੇ ਬਚਨ ਸੁਣਨ ਦਾ ਮੌਕਾ ਮਿਲਦਾ ਹੁੰਦਾ ਸੀ। ਇੱਕ ਦਿਨ ਉਹ ਇੱਕ ਧਨਾਢ ਵਿਅਕਤੀ ਨੂੰ ਕਹਿਣ ਲੱਗੇ- "ਲਿਆ ਮੈਂ ਤੇਰਾ ਪੈਸਾ ਸਫਲ ਕਰ ਦਿਆਂ।"

ਉਸ ਵਿਅਕਤੀ ਨੇ ਪੁੱਛਿਆ- "ਕਿਵੇਂ?"

ਸੰਤ ਜੀ ਨੇ ਕਿਹਾ- "ਜਿੰਨਾ ਪੈਸਾ ਤੂੰ ਗੁਰਮਤਿ ਕਾਲਜ ਲਈ ਦੇ ਦੇਵੇਂਗਾ, ਉਹ ਸਫਲ ਹੋ ਜਾਵੇਗਾ।"

ਇਸੇ ਤਰ੍ਹਾਂ ਇੱਕ ਵਾਰ ਡਾਕਟਰ ਤਾਰਨ ਸਿੰਘ ਜੀ ਨਾਲ ਕੀਰਤਨ ਭੇਟਾ ਬਾਰੇ ਵਿਚਾਰ ਹੋਇਆ। ਉਹਨਾਂ ਕਿਹਾ- "ਤੁਸੀਂ ਜਿਹੜੀ ਮਾਇਆ ਲਵੋਂਗੇ ਕਿਸੇ ਚੰਗੇ ਪਾਸੇ ਲਾਵੋਂਗੇ।"

ਇਹੋ ਜਿਹੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਵਪਾਰਕ ਅਦਾਰਿਆਂ ਕੋਲ ਪਹੁੰਚ ਕੀਤੀ ਸੀ ਕਿ ਉਹ 'ਅੰਮ੍ਰਿਤ ਕੀਰਤਨ' ਦੀ ਸਹਾਇਤਾ ਕਰਨ। ਉਹਨਾਂ ਅਦਾਰਿਆਂ ਨਾਲ ਸੰਬੰਧਿਤ ਵਿਅਕਤੀ ਸਾਡਾ ਮਾਣ ਰੱਖਦਿਆਂ ਅਤੇ 'ਅੰਮ੍ਰਿਤ ਕੀਰਤਨ' ਨੂੰ ਇੱਕ 'ਸ਼ੁਭ ਕਰਮ' ਸਮਝ ਕੇ ਵੱਖ-ਵੱਖ ਸਮੇਂ ਸਹਾਇਤਾ ਕਰ ਰਹੇ ਹਨ। ਕੁਝ ਤਕਨੀਕੀ ਮਜ਼ਬੂਰੀਆਂ ਕਾਰਨ ਸਾਨੂੰ ਉਹਨਾਂ ਦੇ ਉਤਪਾਦਨ ਦਾ ਇਸ਼ਤਿਹਾਰ ਵੀ ਛਾਪਣਾ ਪੈਂਦਾ ਹੈ। ਪਰ ਇਸ਼ਤਿਹਾਰ ਛਾਪਣ ਵੇਲੇ ਅਸੀਂ ਇਸ ਗੱਲ ਦਾ ਧਿਆਨ ਰੱਖਦੇ ਹਾਂ ਕਿ ਕਿਸੇ ਕੁਰਹਿਤ ਵਾਲੀ ਵਸਤ ਦਾ ਇਸ਼ਤਿਹਾਰ ਨਾ ਛਪੇ।

ਪਿੱਛੇ ਜਿਹੇ ਹੋਟਲ ਅਤੇ ਚੱਪਲਾਂ ਆਦਿ ਦਾ ਇਸ਼ਤਿਹਾਰ ਛਪਣ ਸੰਬੰਧੀ ਇਤਰਾਜ਼ ਆਏ ਹਨ। ਪਾਠਕਾਂ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਇਹਨਾਂ ਵਸਤਾਂ ਦਾ ਇਸ਼ਤਿਹਾਰ ਛਾਪਣ ਦਾ ਮੁੱਖ ਮੰਤਵ ਮੈਗਜ਼ੀਨ ਲਈ ਖਰਚਾ ਜੁਟਾਉਣਾ ਹੈ। ਸਾਡਾ ਮੈਗਜ਼ੀਨ ਕੁਝ ਸੈਂਕੜੇ ਹੀ ਛਪਦਾ ਹੈ। ਗਿਣਤੀ ਦੱਸਣ ਵਿੱਚ ਮੈਨੂੰ ਸ਼ਰਮ ਮਹਿਸੂਸ ਹੁੰਦੀ ਹੈ। ਇਸ ਲਈ ਵਪਾਰਕ ਅਦਾਰਿਆਂ ਦੀ ਬਹੁਤੀ ਮਸ਼ਹੂਰੀ ਨਹੀਂ ਹੁੰਦੀ। ਪਾਠਕਾਂ ਵੱਲੋਂ ਆਏ ਚੰਦਿਆਂ ਨਾਲ ਤਾਂ ਡਾਕ ਖਰਚ ਵੀ ਨਹੀਂ ਨਿਕਲਦਾ। ਇਸ ਵੇਲੇ ਕਾਗਜ਼, ਛਪਾਈ ਆਦਿ ਦਾ ਖਰਚਾ ਅਸੀਂ ਵਪਾਰਕ ਅਦਾਰਿਆਂ ਦੇ ਆਪਣੇ ਸੁਹਿਰਦ ਪ੍ਰੇਮੀਆਂ ਤੋਂ ਪ੍ਰਾਪਤ ਕੀਤੀ ਮਾਇਆ ਨਾਲ ਹੀ ਚਲਾ ਰਹੇ ਹਾਂ।

ਇਸ ਤੋਂ ਬਿਨਾਂ ਮੈਗਜ਼ੀਨ ਚਲਾ ਸਕਣਾ ਸੰਭਵ ਨਹੀਂ। ਜੇ ਇਸ ਕੰਮ ਨਾਲ ਸਿੱਖੀ ਨੂੰ ਕੋਈ ਢਾਹ ਲੱਗ ਰਹੀ ਹੈ ਤਾਂ ਪਾਠਕ ਸੱਜਣ ਖੁੱਲ੍ਹ ਕੇ ਸੁਝਾਅ ਦੇਣ। ਅਸੀਂ ਮੈਗਜ਼ੀਨ ਬੰਦ ਕਰਨ ਬਾਰੇ ਵੀ ਸੋਚ ਸਕਦੇ ਹਾਂ।

ਕੁਝ ਚਿੱਠੀਆਂ ਬੇਨਾਮੀ ਪ੍ਰਾਪਤ ਹੋ ਰਹੀਆਂ ਹਨ। ਉਹਨਾਂ ਸੱਜਣਾਂ ਨੂੰ ਬੇਨਤੀ ਹੈ ਕਿ ਆਪਣਾ ਨਾਮ-ਪਤਾ ਲਿਖ ਦਿਆ ਕਰਨ ਤਾਂ ਜੋ ਅਸੀਂ ਉਹਨਾਂ ਦੀਆਂ ਚਿੱਠੀਆਂ ਛਾਪ ਕੇ ਧੰਨਵਾਦੀ ਹੋ ਸਕੀਏ।

# ਜਪੁਜੀ ਦਾ ਕਲਾ ਪੱਖ

ਪ੍ਰੋ. ਚਾਨਣ ਸਿੰਘ ਨਿਰਮਲ
ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਆਰੀਆ ਮਹਿਲਾ ਕਾਲਜ,
ਦੀਨਾਨਗਰ (143 531) ਗੁਰਦਾਸਪੁਰ

ਪ੍ਰੋ. ਦੀਵਾਨ ਸਿੰਘ ਆਪਣੀ ਪੁਸਤਕ 'ਗੁਰਮਤਿ ਵਿਚਾਰ' ਵਿੱਚ ਦਿੱਤੇ ਲੇਖ 'ਜਪੁਜੀ ਦੀ ਸ਼ੈਲੀ' ਦੇ ਅੰਤ ਤੇ ਸਿੱਟਾ ਕਢਦੇ ਠੀਕ ਲਿਖਦੇ ਹਨ ਕਿ "ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਜਿੱਥੇ ਵਿਸ਼ੇ ਦੇ ਪੱਖ ਤੋਂ ਰਹੱਸਵਾਦੀ ਹੋਣ ਕਰਕੇ, ਅਤਿ ਮੌਲਿਕ ਤੇ ਸੁਤੰਤਰ ਸਨ, ਉੱਥੇ ਆਪ ਸ਼ੈਲੀ ਦੇ ਪੱਖ ਤੋਂ ਇੱਕ ਅਤਿ ਸੁਚੇਤ ਤੇ ਨਿਪੁੰਨ ਕਲਾਕਾਰ ਸਿੱਧ ਹੁੰਦੇ ਹਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਸਾਹਿਬ ਸੰਸਾਰ ਦੇ ਉਨ੍ਹਾਂ ਸਭ ਤੋਂ ਮਹਾਨ ਸਾਹਿਤਕਾਰਾਂ ਵਿੱਚੋਂ ਹਨ, ਜਿਨ੍ਹਾਂ ਦੀ ਵਿਰਾਟ ਪ੍ਰਤਿਭਾ ਆਪਣੇ ਨਿਯਮ ਨਾਲ ਲੈ ਕੇ ਆਉਂਦੀ ਹੈ ਜਾਂ ਨਿਯਮਾਂ ਤੋਂ ਉੱਕੀ ਹੀ ਸੁਤੰਤਰ ਹੁੰਦੀ ਹੈ। ਕੋਈ ਤੁਲਨਾ, ਸਮਾਨਤਾ ਜਾਂ ਪੂਰਵਤਾ ਅਜਿਹੀ ਪ੍ਰਤਿਭਾ ਉੱਤੇ ਲਾਗੂ ਨਹੀਂ ਹੋ ਸਕਦੀ।"

ਰਾਗ : ਜਪੁਜੀ ਰਾਗ ਤੋਂ ਵੀ ਸੁਤੰਤਰ ਬਾਣੀ ਹੈ। ਪਰੰਤੂ ਇਹ ਰਾਗਾਤਮਕ ਜ਼ਰੂਰ ਹੈ। ਕਿਉਂਕਿ ਇਹ ਅੰਮ੍ਰਿਤ ਵੇਲੇ ਦੀ ਬਾਣੀ ਹੈ। ਇਸ ਕਰਕੇ ਜੇ ਇਹ ਕਿਸੇ ਰਾਗ ਵਿੱਚ ਹੋ ਸਕਦੀ ਹੈ ਤਾਂ ਉਹ ਰਾਗ ਆਸਾ ਹੀ ਹੋ ਸਕਦਾ ਹੈ। ਨਾਲੇ 'ਸੋਦਰ ਪਉੜੀ' ਆਦਿ ਗ੍ਰੰਥ ਵਿੱਚ ਹੋਰ ਥਾਂ ਵੀ ਆਸਾ ਰਾਗ ਵਿੱਚ ਆਈ ਹੈ।

ਰੂਪ : ਜਪੁਜੀ ਦਾ ਰੂਪ ਪ੍ਰਬੰਧ ਕਾਵਿ ਦਾ ਹੈ। ਇਸ ਵਿੱਚ ਕੇਂਦਰੀ ਖਿਆਲ ਆਦਿ ਤੋਂ ਅੰਤ ਤਕ ਨਿਰੰਤਰ ਚਲਦਾ ਹੈ। ਇਸ ਦੇ ਆਦਿ ਵਿੱਚ ਆਦਿਕਾ (Prologue) ਤੇ ਅੰਤ ਤੇ ਅੰਤਿਕਾ (Epilogue) ਹੈ। ਦੋ ਸ਼ਲੋਕ ਹਨ। ਇੱਕ ਆਦਿ ਵਿੱਚ ਤੇ ਦੂਜਾ ਅੰਤ ਵਿੱਚ। ਕੁਲ ਪਉੜੀਆਂ 38 ਹਨ। ਇਹ ਪਉੜੀਆਂ ਵਾਰਾਂ ਵਾਲੀਆਂ ਨਹੀਂ, ਸਗੋਂ ਇਨ੍ਹਾਂ ਦਾ ਭਾਵ ਪੜਾਵਾਂ ਵਾਲਾ ਹੈ। ਇਹ ਆਤਮਕ ਉੱਨਤੀ ਦੇ ਪੜਾ ਹਨ।

*ਏਤ ਰਾਹਿ ਪਤਿਪਵੜੀਆਂ ਚੜੀਐ ਹੋਇ ਇਕੀਸ*

ਅਰਥਾਤ ਇਨ੍ਹਾਂ ਪੜਾਵਾਂ ਤੋਂ ਚੜ੍ਹਕੇ ਹੀ ਆਤਮਾ ਪਰਮਾਤਮਾ ਨਾਲ ਇੱਕ ਰੂਪ ਹੋ ਸਕਦੀ ਹੈ।

ਚਿਤਰਸ਼ਾਲਾ : ਇਹ ਰਚਨਾ ਰੱਬ ਦੀ ਚਿਤਰਸ਼ਾਲਾ ਹੈ। ਹਰੇਕ ਪਉੜੀ ਹੀ ਕੀ, ਸਗੋਂ ਪੰਕਤੀਆਂ ਚਿੱਤਰਾਂ ਨੂੰ ਸਾਕਾਰ ਕਰਦੀਆਂ ਹਨ। ਪਹਿਲੀ ਪਉੜੀ ਸਮੂਹ ਭਾਰਤੀ ਕਰਮ ਕਾਂਡ ਦਾ ਵਿਸ਼ਾਲ ਚਿੱਤਰ ਹੈ। ਦੂਜੀ ਸਮੂਹ ਬ੍ਰਹਿਮੰਡ ਅਤੇ ਕੁਦਰਤੀ ਜੀਵਾਂ ਦਾ ਵਿਸ਼ਾਲ ਬਿੰਬ ਹੈ। ਤੀਜੀ ਮਾਨਵੀ ਬਿਰਤੀਆਂ ਦਾ ਬਿੰਬ ਹੈ। ਛੇਵੀਂ ਗੁਰ ਤੀਰਥ ਦੇ ਇਸਨਾਨ ਦਾ ਚਿੱਤਰ ਹੈ। ਅੱਠ ਤੋਂ ਬਾਰਾਂ ਤੱਕ ਦੀਆਂ ਪਉੜੀਆਂ ਭਗਤ ਦੀ ਸਦਾ ਵਿਗਾਸੀ ਅਵਸਥਾ ਦਾ ਚਮਕਦਾ ਚਿੱਤਰ ਹੈ। ਸੋਲਾਂ ਤੋਂ ਅੱਗੇ ਬ੍ਰਹਿਮੰਡ ਦੀ ਵਿਸ਼ਾਲਤਾ ਦੇ ਚਿੱਤਰ ਹਨ। ਖੰਡਾਂ ਦੀਆਂ ਪਉੜੀਆਂ ਉੱਚੀਆਂ ਆਤਮਕ ਉਚਾਈਆਂ ਦੇ ਚਿੱਤਰ ਹਨ।

ਕਲਪਨਾ ਉਡਾਰੀ : ਕਲਪਨਾ ਉਡਾਰੀ ਬਹੁਤ ਵਿਸ਼ਾਲ ਹੈ। ਸ਼ਖਸੀਅਤ ਕਲਪਨਾ ਨੂੰ ਜਨਮ ਦੇਂਦੀ ਹੈ। ਕਲਪਨਾ ਬਿੰਬਾਂ ਨੂੰ ਸਿਰਜਦੀ ਹੈ। ਕਾਵਿ- ਸ਼ਖਸੀਅਤ ਮਹਾਨ ਹੈ। ਇਸੇ ਲਈ ਕਲਪਨਾ ਬਲਵਾਨ ਹੈ। ਇਹੀ ਕਾਰਨ ਹੈ ਕਿ ਚਿੱਤਰਾਂ ਦਾ ਚਿੱਤਰ ਤੇ ਬਿੰਬਾਂ ਦੇ ਬਿੰਬ ਕਲਪੇ ਗਏ ਹਨ।

ਇਸ ਵਿੱਚ ਨਾਨਾ ਵੰਨ ਵੰਨ ਦੀਆਂ ਖ਼ਿਆਲ ਉਡਾਰੀਆਂ ਹਨ। ਖ਼ਿਆਲ ਉਡਾਰੀ ਕਦੇ ਕਿਸੇ ਦਿਸ਼ਾ ਦਾ ਰੁਖ ਕਰਦੀ ਹੈ ਕਦੇ ਕਿਸੇ ਸੋਚ ਦੇ ਮੰਡਲ ਵਿੱਚ ਜਾ ਨਿਕਲਦੀ ਹੈ। ਇਸੇ ਕਰਕੇ ਹੀ ਇਹ ਬਾਣੀ ਕਠਿਨ ਹੈ।

ਸੰਜਮ ਸੰਕੋਚ : ਕਹਿਰਾਂ ਦਾ ਹੈ। ਗਾਗਰ ਵਿੱਚ ਸਾਗਰ ਬੰਦ ਹੈ। ਜਿਸ ਕਰਕੇ ਵਿਸ਼ਾ ਅਸਪਸ਼ਟਤਾ ਨੂੰ ਪ੍ਰਾਪਤ ਹੁੰਦਾ ਹੈ। ਕਿਰਿਆ ਰਹਿਤ ਅੱਖਰਾਂ ਦੇ ਅੱਖਰ ਟਿਕਾਏ ਗਏ ਹਨ।

ਲੈਅ, ਤਾਲ ਤੇ ਰਾਗਾਤਮਕਤਾ : ਇਸ ਪੱਖੋਂ ਜਪੁਜੀ ਇੱਕ ਵਿਸ਼ੇਸ਼ ਪ੍ਰਯੋਗ ਹੈ। ਆਪ ਮੁਹਾਰੀ ਲੈਅ, ਤਾਲ ਤੇ ਰਾਗਾਤਮਕਤਾ ਹੈ। ਇਨ੍ਹਾਂ ਦੀ ਕੋਈ ਘਾਟ ਨਹੀਂ ਹੈ। ਕੋਈ ਕਮੀ ਨਹੀਂ ਹੈ। ਸਗੋਂ ਬਹੁਲਤਾ ਹੀ ਬਹੁਲਤਾ ਹੈ। ਕੁਦਰਤੀ ਕਲਾ ਹੈ।

ਵਿਸਤਾਰ ਰਹਿਤ ਕਾਵਿ ਹੈ : ਬਹੁਤ ਕੁਝ ਅਣ ਕਿਹਾ ਛੱਡਿਆ ਗਿਆ ਹੈ। ਬਹੁਤੀ ਗੱਲ ਪਾਠਕ ਦੀ ਬੁੱਧੀ ਗੋਚਰੇ ਛੱਡ ਦਿੱਤੀ ਗਈ ਹੈ। ਨਾਟਕੀ ਅੰਦਾਜ਼ ਹੈ। ਸੰਬੋਧਨੀ ਲਹਿਜ਼ਾ ਹੈ। ਜਿਵੇਂ 'ਅਮੁਲ' ਦੀਆਂ ਪਉੜੀਆਂ

ਵਿੱਚ ਗੁਣ, ਵਪਾਰ, ਧਰਮ, ਦੀਬਾਣ, ਬਖਸ਼ੀਸ਼, ਕਰਮ, ਫੁਰਮਾਣ, ਵੇਦ, ਪੁਰਾਣ, ਬਰਮੇ, ਇੰਦ, ਗੋਪੀ, ਗੋਬਿੰਦ, ਬੁਧ, ਦਾਨਵ, ਦੇਵ, ਸੁਰਿਨਰ, ਮੁਨਿਜਨ, ਆਦਿ ਦੀ ਗਿਣਤੀ ਦੇਂਦੇ ਤਾਂ ਹਨ ਪਰੰਤੂ ਇਨ੍ਹਾਂ ਵਿੱਚੋਂ ਕਿਸੇ ਦਾ ਵੀ ਵਿਸਤਾਰ ਦੇਣਾ ਮੁਨਾਸਿਬ ਨਹੀਂ ਸਮਝਿਆ। ਪਾਠਕ ਨੂੰ ਉੱਚੀ ਧਾਰਨਾ ਵਾਲਾ ਮੰਨ ਲਿਆ ਗਿਆ ਹੈ ਜਾਂ ਇਉਂ ਕਹਿ ਲਉ ਕਿ ਉਸ ਨੂੰ ਪ੍ਰੇਰਿਆ ਗਿਆ ਹੈ ਕਿ ਉਹ ਇਨ੍ਹਾਂ ਦਾ ਗਿਆਨ ਪ੍ਰਾਪਤ ਕਰੇ। ਸੋ ਸੰਕੇਤ ਹੀ ਸੰਕੇਤ ਹਨ। ਇਸ਼ਾਰੇ ਹੀ ਇਸ਼ਾਰੇ ਹਨ। ਸੁਝਾਅ ਹੀ ਸੁਝਾਅ ਹਨ। ਕੋਈ ਭੂਮਿਕਾ ਨਹੀਂ। ਨਾਵਾਂ ਥਾਵਾਂ ਰੂਪਾਂ ਬਿੰਬਾਂ ਦੀ ਭਰਮਾਰ ਹੈ।

**ਮੌਲਿਕਤਾ :** ਮੌਲਿਕਤਾ ਵੀ ਅਦਭੁਤ ਹੈ। ਮੌਲਿਕ ਸੋਚ ਵਿੱਚੋਂ ਖ਼ਿਆਲਾਂ ਦੇ ਮੋਤੀ ਬਿਖਰ ਰਹੇ ਹਨ। ਖ਼ਿਆਲ ਵੀ ਮੌਲਿਕ ਹਨ ਅਤੇ ਬਿਆਨ ਵੀ ਮੌਲਿਕ ਹੈ।

**ਤੋਲ ਤੁਕਾਂਤ ਤੇ ਛੰਦ :** ਜਪੁਜੀ ਲੋਕ ਕਾਵਿ ਦੀ ਕਲਾ ਹੈ। ਸ਼ਬਦਾਵਲੀ ਵੀ ਲੋਕ ਪੱਧਰ ਦੀ ਹੈ। ਛੰਦਾ ਬੰਦੀ ਵੀ ਲੋਕ ਕਾਵਿ ਦੀ ਹੈ। ਸਰੋਦ ਵੀ ਲੋਕ ਕਾਵਿ ਦਾ ਹੈ। ਜਿਵੇਂ ਕੋਈ ਪਹਾੜੀ ਝਰਨਾ ਵਹਿ ਰਿਹਾ ਹੈ। ਜਿਵੇਂ ਬ੍ਰਹਿਮੰਡ ਵਿੱਚੋਂ ਕੋਈ ਅਲੌਕਿਕ ਸਰੋਦ ਸੁਣਦਾ ਹੈ। ਇਹ ਬਾਣੀ ਉਸ ਨਾਲ ਇੱਕਸੁਰ ਹੁੰਦੀ ਹੈ। ਸਗੋਂ ਇਹ ਉਸੇ ਵਿੱਚੋਂ ਫੁਟੀ ਹੈ। ਸੋ ਤੋਲ ਤੁਕਾਂਤ ਤੇ ਛੰਦ ਆਪ ਮੁਹਾਰਾ ਹੈ। ਪਰੰਪਰਾਵਾਦੀ ਨਹੀਂ। ਪ੍ਰਾਕਿਰਤਕ ਹੈ। ਨਿੱਕੇ ਨਿੱਕੇ, ਤਿੱਖੇ ਤਿੱਖੇ, ਸਰਲ ਤੋਂ ਸਰਲ ਤੇ ਤਰਲ ਤੋਂ ਤਰਲ ਸ਼ਬਦ ਤੇ ਖ਼ਿਆਲ ਵਰਤੇ ਗਏ ਹਨ। ਸ਼ਬਦਾਵਲੀ ਦਾ ਦੁਹਰਾਅ ਰਵਾਨਗੀ ਨੂੰ ਉਤੇਜਨ ਕਰਦਾ ਹੈ। ਇਉਂ ਅਸਪਸ਼ਟਤਾ ਨੂੰ ਘਟ ਕਰਨ ਦਾ ਜਤਨ ਵੀ ਕੀਤਾ ਗਿਆ ਲਗਦਾ ਹੈ। ਛੰਦ ਵੀ ਆਮ ਕਰਕੇ ਨਿੱਕੇ-ਨਿੱਕੇ, ਤਿੱਖੇ-ਤਿੱਖੇ ਤੇ ਛੁਟੇਰੇ ਛੰਦਾਂ ਦਾ ਪ੍ਰਯੋਗ ਹੋਇਆ ਪਿਆ ਹੈ। ਇਹ ਸਭ ਕੁਝ ਸ਼ਬਦਾਂ ਦੀ ਗਤੀ ਵਿੱਚ ਨਿਸਚਿਤ ਵਾਧਾ ਕਰਦਾ ਹੈ। ਛੰਦਾ ਬੰਦੀ ਵਿੱਚ ਕਾਫੀ ਅਦਲਾ ਬਦਲੀ ਕੀਤੀ ਗਈ ਹੈ।

ਨਿਸਚੈ ਹੀ ਛੰਦ ਚਾਲ ਨੂੰ ਰਾਗ ਨਿਸਚਿਤ ਕਰਦਾ ਹੈ। ਮਾਤਰਾਂ ਵਿੱਚ ਵੀ ਕੋਈ ਪਾਬੰਦੀ ਨਹੀਂ ਰੱਖੀ ਗਈ। ਮਾਤ੍ਰਿਕ ਛੰਦਾਂ ਵਿੱਚ ਵੀ ਨਹੀਂ। ਰਾਗਾਤਮਕਤਾਂ ਨੂੰ ਪ੍ਰਧਾਨ ਰੱਖਿਆ ਗਿਆ ਹੈ। ਛੰਦ ਚਾਲ ਰਾਗ ਦੇ ਅਧੀਨ ਚਲਦੀ ਹੈ। ਇਸੇ ਕਰਕੇ ਛੰਦ ਇੰਨ-ਬਿੰਨ ਪਿੰਗਲ ਦੇ ਛੰਦ ਨਹੀਂ ਬਣਦੇ। ਕੇਵਲ ਇਨ੍ਹਾਂ ਦੇ ਨੇੜੇ-ਤੇੜੇ ਹੀ ਆਉਣ ਦੀ ਕੋਸ਼ਿਸ਼ ਕਰਦੇ ਹਨ। ਜਪੁਜੀ ਦੀਆਂ ਸੁਣਿਐ ਦੀਆਂ ਪਉੜੀਆਂ ਅੜਿਲ ਛੰਦ ਦੇ ਨੇੜੇ-ਤੇੜੇ ਰੱਖੀਆਂ ਜਾ ਸਕਦੀਆਂ ਹਨ। ਜਿੱਥੇ ਲੰਮਾ ਚਰਨ ਲਿਆ ਗਿਆ ਹੈ ਉੱਥੇ ਉਸ ਨੂੰ ਵਿਸਰਾਮ ਬੱਧ ਕਰ ਲਿਆ ਗਿਆ ਹੈ। ਇਸ ਤਰ੍ਹਾਂ ਉਹ ਵੀ ਇੱਕ ਛੁਟੇਰਾ ਛੰਦ ਹੀ ਲਗਣ ਲਗਦਾ ਹੈ। ਇਉਂ ਪਉੜੀਆਂ ਦੇ ਛੰਦ ਨਿੱਕੇ ਛੋਟੇ ਤੇ ਤਿੱਖੇ ਰੱਖੇ ਗਏ ਹਨ। ਡਾ. ਮੋਹਨ ਸਿੰਘ ਦੀਵਾਨਾ ਨੇ ਸਿਰਖੰਡੀ ਛੰਦ ਦਾ ਸਿਰਜਕ ਗੁਰੂ ਨਾਨਕ ਨੂੰ ਮੰਨਿਆ ਹੈ। ਆਪ ਜਪੁਜੀ ਵਿੱਚੋਂ ਹੇਠਲੀਆਂ ਉਦਾਹਰਣਾਂ ਵਿੱਚ ਸਿਰਖੰਡੀ ਛੰਦ ਨਾਪਦੇ ਹਨ :

*ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ*
*ਨਦੀਆਂ ਅਤੇ ਵਾਹ ਪਵੇ ਸਮੁੰਦਿ ਨ ਜਾਣੀਅਹਿ।*
*ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ ਮਾਲ ਧਨ।*
*ਕੀੜੀ ਤੁਲ ਨਾ ਹੋਵਨੀ, ਜੇ ਤਿਸ ਮਨਹੁ ਨ ਵਿਸਰਹਿ।*

ਸਿਰਖੰਡੀ ਛੰਦ ਦਾ ਲੱਛਣ ਇਹ ਹੈ ਕਿ ਇਸ ਦੇ ਮੱਧ ਵਿੱਚ ਅਨੁਪ੍ਰਾਸ ਹੁੰਦਾ ਹੈ। ਤੁਕਾਂਤ ਬੇਮੇਲ ਅਤੇ ਚਰਨ ਚਾਰ ਹੁੰਦੇ ਹਨ। ਪ੍ਰਤੀ ਚਰਨ 21 ਮਾਤਰਾਂ ਹੁੰਦੀਆਂ ਹਨ ਅਤੇ 12+9 ਮਾਤਰਾਂ ਤੇ ਵਿਸਰਾਮ ਆਉਂਦਾ ਹੈ।

ਡਾ. ਮੋਹਨ ਸਿੰਘ ਨੇ ਨਾਨਕ ਬਾਣੀ ਵਿੱਚ ਕਈ ਫ਼ਾਰਸੀ ਬਹਿਰਾਂ ਦਾ ਜ਼ਿਕਰ ਵੀ ਕੀਤਾ ਹੈ। ਉਹ ਸੋਚਦੇ ਹਨ ਕਿ ਫ਼ਾਰਸੀ ਕਾਵਿ ਤੋਂ ਜਾਣੂ ਹੋਣ ਕਰਕੇ ਹੀ ਗੁਰੂ ਨਾਨਕ ਨੇ ਫ਼ਾਰਸੀ ਮੁਸੱਦਸ ਤੇ ਮੁਖੱਮਸ ਛੰਦਾਂ ਦੇ ਨਮੂਨੇ ਪ੍ਰਦਾਨ ਕੀਤੇ ਹਨ। ਛੰਦ ਮੁਸੱਦਸ ਵਿੱਚ ਪੰਜਵੀਂ ਤੇ ਛੇਵੀਂ ਤੁਕ ਇੱਕ ਕਾਫ਼ੀਏ ਵਿੱਚ ਮੁੜ-ਮੁੜ ਦੁਹਰਾਈ ਜਾਂਦੀ ਹੈ। ਪਰ ਮੁਖੱਸਮ ਚਾਰ ਤੁਕਾਂ ਇੱਕ ਕਾਫ਼ੀਏ ਵਿੱਚ ਹੁੰਦੀਆਂ ਹਨ। ਪੰਜਵੀਂ ਪੰਕਤੀ ਹਰ ਬੰਦ ਵਿੱਚ ਦੁਹਰਾਈ ਜਾਂਦੀ ਹੈ।

**ਮੁਸੱਦਸ ਛੰਦ :** *ਸੁਣਿਐ ਸਿਧ ਪੀਰ ਸੁਰਨਾਥ।*
*ਸੁਣਿਐ ਧਰਤਿ ਧਵਲ ਆਕਾਸ।*

ਸੁਣਿਐ ਦੀਪ ਲੋਅ ਪਾਤਾਲ।
ਸੁਣਿਐ ਪੋਹਿ ਨ ਸਕੈ ਕਾਲੁ।
ਨਾਨਕ ਭਗਤਾਂ ਸਦਾ ਵਿਗਾਸੁ।
ਸੁਣਿਐ ਦੂਖ ਪਾਪ ਕਾ ਨਾਸੁ।

ਇਹ ਅੰਤਲੀਆਂ ਦੋਵੇਂ ਤੁਕਾਂ ਅਗਲੇਰੇ ਬੰਦਾਂ ਵਿੱਚ ਦੁਹਰਾਈਆਂ ਗਈਆਂ ਹਨ। ਹੋਰ ਉਦਾਰਹਣ ਮੰਨੈ ਦੀਆਂ ਪਉੜੀਆਂ ਦੀ ਹੈ :

ਮੰਨੈ ਕੀ ਗਤਿ ਕਹੀ ਨ ਜਾਇ।
ਜੋ ਕੋ ਕਹੈ ਪਿਛੈ ਪਛਤਾਇ।
ਕਾਗਦਿ ਕਲਮ ਨ ਲਿਖਣਹਾਰ।
ਮੰਨੇ ਕਾ ਬਹਿ ਕਰਨਿ ਵਿਚਾਰ।

ਮੁਖੱਮਸ ਛੰਦ : ਮੁੰਦਾ ਸੰਤੋਖ ਸਰਮ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਲ ਜਮਾਤੀ
ਮਨ ਜੀਤੈ ਜਗ ਜੀਤੁ।
ਆਦੇਸ ਤਿਸੈ ਆਦੇਸ, ਆਦਿ ਅਨੀਲ ਅਨਾਦਿ ਅਨਾਹਤਿ
ਜੁਗੁ ਜੁਗ ਏਕੋ ਵੇਸੁ।

ਏਥੇ ਤਾਂ ਤਿੰਨ ਤੁਕਾਂ ਇੱਕ ਕਾਫ਼ੀਏ ਵਿੱਚ ਹਨ। ਇਸ ਲਈ ਇਸ ਨੂੰ ਮੁਖੱਮਸ ਛੰਦ ਨਹੀਂ ਮੰਨਿਆਂ ਜਾ ਸਕਦਾ। ਪਰੰਤੂ ਅਗੇਰੇ ਚਲਕੇ ਬਾਕੀ ਦੇ ਕੁਝ ਬੰਦਾਂ ਵਿੱਚ ਮੁਖੱਮਸ ਛੰਦ ਦੀ ਠੀਕ ਤਰਤੀਬ ਚਲਦੀ ਹੈ। ਅਰਥਾਤ ਚਾਰ ਤੁਕਾਂ ਵਿੱਚ ਇੱਕੋ ਹੀ ਕਾਫ਼ੀਆ ਤੇ ਪੰਜਵੀਂ ਤੁਕ ਦਾ ਦੁਹਰਾਓ ਹੈ।

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ।
ਇਕ ਸੰਸਾਰੀ ਇਕ ਭੰਡਾਰੀ
ਇਕੁ ਲਾਇ ਦੀਬਾਣੁ।
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ।
ਓਹ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਇਹ ਵਿਡਾਣੁ।
ਆਦੇਸੁ ਤਿਸੈ ਆਦੇਸੁ ਆਦ ਅਨੀਲ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸ।

ਇਸ ਪੰਜਵੀਂ ਤੁਕ ਦਾ ਅਗਲੇ ਬੰਦ ਵਿੱਚ ਵੀ ਦੁਹਰਾਓ ਹੈ। ਇਹ ਬੰਦ ਪੰਜ ਤੁਕੇ ਵੀ ਹਨ।

ਪ੍ਰੋ. ਗੁਲਮੇਲ ਸਿੰਘ ਭੰਡਾਲ ਅਨੁਸਾਰ ਇਸ ਕਾਵਿ-ਰਚਨਾ ਵਿੱਚ ਗੁਰੂ ਕਵੀ ਨੇ ਸ਼ਲੋਕਾਂ ਦੀ ਵਰਤੋਂ ਵੀ ਕੀਤੀ ਹੈ। ਪਰ ਤੁਕਾਂ ਦੀ ਗਿਣਤੀ ਇੱਕ ਸਾਰ ਨਹੀਂ ਰਹੀ ਇੱਕ ਸਲੋਕ ਆਦਿ ਤੇ ਹੈ ਤੇ ਇੱਕ ਅੰਤ ਤੇ ਆਦਿ ਦੇ ਸ਼ਲੋਕ ਦੀਆਂ ਦੋ ਤੁਕਾਂ ਹਨ ਜਦ ਕਿ ਅੰਤਲੇ ਸ਼ਲੋਕ ਦੀਆਂ 6 ਤੁਕਾਂ ਹਨ। ਸ਼ਲੋਕ ਦੋਹਰੇ ਜਿਹਾ ਛੰਦ ਹੈ। ਪਰ ਇਸ ਦੀਆਂ ਮਾਤਰਾਂ ਦੋਹਰੇ ਛੰਦ ਨਾਲੋਂ ਘਟ ਵਧ ਵੀ ਜਾਂਦੀਆਂ ਹਨ। ਕਈ ਰਚਨਾਵਾਂ ਵਿੱਚ ਛੰਦ ਦਾ ਅਸ਼ਮ ਵ੍ਰਿਧ ਪ੍ਰਯੋਗ ਕੀਤਾ ਜਾਂਦਾ ਹੈ, ਕਈਆਂ ਵਿੱਚ ਵਿਸ਼ਮ ਵ੍ਰਿਧ ਪ੍ਰਯੋਗ। ਪਰੰਤੂ ਜਪੁਜੀ ਵਿੱਚ ਛੰਦ ਦਾ ਵਿਸ਼ਮ ਵ੍ਰਿਧ ਪ੍ਰਯੋਗ ਕੀਤਾ ਗਿਆ ਹੈ। ਇਸ ਦੇ ਨਾਲ ਹੀ ਤਰਤੀਬ ਤੇ ਜਗਤੁ, ਹਦੂਰਿ ਤੇ ਦੂਰਿ, ਇਤਿਆਦਿ

ਕਾਫ਼ੀਆ ਦੁਆਰਾ ਤਰਤੀਬ ਦਿੱਤੀ ਗਈ ਹੈ। ਜਿਵੇਂ :

*ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ।*
*ਦਿਵਸ ਰਾਤਿ ਦੁਇ ਦਾਈ ਦਾਇਆ, ਖੇਲੈ ਸਗਲ ਜਗਤੁ।*

ਇਸ ਵਿੱਚ ਅਨੁਪਰਾਸ ਅਲੰਕਾਰ ਹਨ। ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ ਰੂਪਕ ਅਲੰਕਾਰ ਹਨ। ਕੇਤੀ, ਕੇ, ਜਿਨੀ, ਤੇ, ਆਦਿ ਸੰਕੇਤਕ ਅਤੇ ਵਿਸ਼ੇਸ਼ਣਾਤਮਕ ਸ਼ਬਦ ਹਨ। ਕੇ ਸ਼ਬਦ ਕਈ ਜਾਂ ਕੀ ਦੇ ਅਰਥਾਂ ਵਿੱਚ ਆਇਆ ਹੈ। ਕਈ ਥਾਵਾਂ ਤੇ ਆਗਾਸ ਦਾ ਵਾਤ ਨਾਲ, ਯਾਤ ਦਾ ਵਿਨਾਸ ਨਾਲ, ਪਾਈਆ ਦਾ ਜਾਵੀਅਹਿ ਨਾਲ, ਵਿਨਾਸ ਦਾ ਆਪ ਨਾਲ, ਆਪਿ ਦਾ ਦਾਤਿ ਨਾਲ, ਸਵਾਰੇ ਦਾ ਨਾਲੇ ਨਾਲ, ਸਾਦ ਦਾ ਭਾਗ ਨਾਲ, ਨਿਰੰਕਾਰ ਦਾ ਨਿਹਾਲ ਨਾਲ ਤੁਕਾਂਤ ਮੇਲਿਆ ਗਿਆ ਹੈ। ਕਈ ਵਾਰ ਕੋਈ ਪੰਕਤੀ ਬੇ ਤੁਕਾਂਤੀ ਵੀ ਰਹਿਣ ਦਿੱਤੀ ਗਈ ਹੈ। ਜਿਵੇਂ –'*ਭਉ ਖਲਾ ਅਗਨਿ ਤਪਤਾਉ*' ਭਾਵ ਕਿ ਤੋਲ ਤੋਂ ਹੀ ਨਹੀਂ, ਸਗੋਂ ਤੁਕਾਂਤ ਤੋਂ ਵੀ ਖੁਲ੍ਹ ਲਈ ਗਈ ਹੈ।

ਪਰ ਕਈ ਵਾਰ ਅੰਤ੍ਰੀਵ ਤੁਕਾਂਤ ਵੀ ਮੇਲਿਆ ਗਿਆ ਹੈ ਜਿਵੇਂ :

1. ਅਸੰਖ ਨਾਵ, ਅਸੰਖ ਥਾਵ
2. ਜਿਵ ਫੁਰਮਾਏ, ਤਿਵ ਤਿਵ ਪਾਏ
3. ਜੇਤਾ ਕੀਤਾ ਤੇਤਾ ਨਾਓ।

ਕਈ ਵਾਰ ਇੱਕੋ ਸ਼ਬਦ ਆਦਿ ਤੇ ਅੰਤ ਤੇ ਵਰਤਕੇ ਅਨੋਖਾ ਰਸ ਪੈਦਾ ਕੀਤਾ ਗਿਆ ਹੈ। ਜਿਵੇਂ :

*ਅੰਤ ਨ ਸਿਫਤੀ ਕਹਿਣ ਨ ਅੰਤ*
*ਅੰਤ ਨ ਕਰਣੈ, ਦੇਣਿ ਨ ਅੰਤ*
*ਅੰਤ ਨ ਵੇਖਣ, ਸੁਣਨ ਨ ਅੰਤ*

ਜਪੁਜੀ ਵਿੱਚ ਸੰਖਿਆ ਵਾਚਕ ਅਲੰਕਾਰ ਵੀ ਵਰਤੇ ਗਏ ਹਨ। ਜਿਵੇਂ ਏਕੋ, ਏਕ, ਏਕਾ, ਇਕ, ਤਿਨਿ, ਚਾਰੇ, ਪੰਚ, ਨਵਾ, ਅਠਾਹਠ, ਕੋਟ ਦਸੂਣੀ, ਇਕੀਸ, ਸਹਸ, ਲਖ ਆਦਿ। 38ਵੀਂ ਪਉੜੀ ਵਿੱਚ ਰੂਪਕ ਅਲੰਕਾਰ ਹਨ।

**ਭਾਸ਼ਾ** : ਭਾਸ਼ਾ ਸੰਯੋਗਾਤਮਕ ਹੈ। ਜਿਵੇਂ : ਕਿਉ, ਜੇਤੀ, ਕੇਤੀ, ਆਦਿ।

**ਨਕਾਰ ਸੂਚਕ ਸ਼ਬਦ** : ਨੁ, ਨ, ਨਾ, ਨਾਹਿ, ਨਾਹੀ, ਨਹ।

**ਕ੍ਰਿਆਪਦ** : ਹੈ ਭੀ ਸਚੁ, ਹੋਸੀ ਭੀ ਸਚੁ

**ਵਿਧੀ ਲਿੰਗ** : ਹੋਰ ਦਸੂਣੀ ਹੋਇ। ਹੋਇ ਇੱਕ ਵਚਨ ਵਿੱਚ ਹੈ।

ਬਿਹਾਰੀ ਬਹੁ ਵਚਨ ਵਿੱਚ ਆਈ ਹੈ ਜਦ ਕਿ ਉਧਰ ਸਿਹਾਰੀ ਇੱਕ ਵਚਨ ਵਿੱਚ ਹੈ। ਹੁਕਮੀ ਦਾ ਅਰਥ ਹੈ ਹੁਕਮਾਂ ਦੇ ਨਾਲ। ਸੋ ਬਿਹਾਰੀ ਬਹੁ ਅਰਥਕ ਹੈ।

**ਭੂਤ ਕਾਲ ਦੀ ਕਿਰਿਆ** : ਜਿਤੁ ਹੋਆ, ਆਕਾਰੁ, ਜਿਨਿ ਸੇਵਿਆ ਤਿਨਿ ਪਾਇਆ ਮਾਨ।

**ਭਵਿਖਤ ਕਾਲ** : ਹੈ ਭੀ ਸਚ ਹੋਸੀ ਭੀ ਸਚ, ਕਰਸੀ, ਜਾਸੀ, ਆਦਿ।

ਆਮ ਕਰਕੇ ਸੰਯੁਕਤ ਕਿਰਿਆਵਾਂ ਦਾ ਪ੍ਰਯੋਗ ਹੈ। ਇਸੇ ਕਰਕੇ ਭਾਸ਼ਾ ਵੀ ਕਠਿਨ ਹੈ। ਜਿਵੇਂ : ਵਿਣੁ ਕਰਮਾ ਕਿ ਮਿਲੈ ਲਈ।

ਸ਼ਬਦਾਵਲੀ ਦੇ ਤਤਸਮ ਤੇ ਤਦਭਵ ਦੋਵੇਂ ਰੂਪ ਹੀ ਵਰਤੇ ਗਏ ਹਨ।

**ਤਤਸਮ ਸ਼ਬਦ** : ਅਕਲਿ, ਸਜਾਇ, ਕੁਦਰਤਿ, ਬੰਦ, ਮਸੀਤਿ, ਆਦਿ ਅਰਬੀ ਦੇ ਹਨ। ਕਰਮ, ਰਹੀਮ, ਰਜਾ, ਕਾਦਰ, ਖਲਾਸੀ, ਹੁਕਮ, ਹਜ਼ੂਰ, ਹਾਜਰਾ, ਆਦਿ ਫ਼ਾਰਸੀ ਦੇ ਹਨ। ਸਿਧਿ, ਪੁਰਖ, ਮੁਨਿ, ਮੋਨਿ, ਰਵਿ, ਰਿਖਿ, ਆਦਿ ਸੰਸਕ੍ਰਿਤ ਦੇ ਹਨ।

**ਵਿਸ਼ੇਸ਼ਣਾਂ ਦੀ ਵਰਤੋਂ** : ਭਗਤਿ, ਪਤਿ, ਪੁਰਖ, ਕੀਟਿ, ਮਤਿ, ਜੁਗਤਿ, ਹਰਿ, ਆਦਿ।

**ਤਦਭਵ ਰੂਪ** : ਵਖਤ, ਭਉ, ਪਰਵਦਗਾਰ, ਤਿਲ ਨ ਤਮਾਇ, ਜੋਰ, ਹਰਾਮਖੋਰ, ਪਾਕ, ਚੰਦ, ਇੰਦ, ਨਾਦ, ਬਿਨੋਦ, ਟਕਸਾਲ, ਨਿਰੰਜਨ, ਸੁਆਸਥ, ਆਦਿ।

**ਮਾਪਤੋਲ ਵਾਚਕ ਸ਼ਬਦ** : ਤਿਲਕਾ ਮਾਨ, ਤਿਲ ਨ ਤਮਾਇ, ਨਦਰੀ, ਸੁਮਾਰ, ਆਦਿ।

ਗੁਰੂ ਨਾਨਕ ਦੇ ਫ਼ਲਸਫ਼ੇ ਤੇ ਬੋਲੀ ਦੇ ਵਿਸ਼ੇਸ਼ ਗੁਣਾਂ ਦਾ ਜ਼ਿਕਰ ਕਰਦਿਆਂ ਪ੍ਰੋ. ਸੀਤਾ ਰਾਮ ਬਾਹਰੀ ਲਿਖਦਾ ਹੈ "ਨਾਨਕ ਫ਼ਲਸਫ਼ਾ ਬਿਬੇਕ ਅਤੇ ਤਰਕ ਵਾਂਗ ਨਿਸੰਗ ਤੇ ਦ੍ਰਿੜ ਹੈ। ਸਰਸ ਕਾਵਿ ਵਾਂਗ ਸਜੀਵ ਤੇ ਰਾਗ ਭਰਪੂਰ ਹੈ। ਨਿਰਵੈਰ ਸ਼ਰਧਾ ਵਾਂਗ ਇਹ ਅਡੋਲ ਤੇ ਇਕਾਗਰ ਹੈ। ਸਚੇ ਮਨ ਦੀ ਪਵਿਤਰਤਾ, ਸੁਨ ਗਗਨ ਦੀ ਜੋਤ ਤੇ ਅਨਾਹਤ ਸੰਗੀਤ ਨੇ ਇਸ ਵਿੱਚ ਕਿਸੇ ਉੱਚੀਆਂ ਉਡਾਰੀਆਂ ਵਾਲੇ ਬਾਜ ਦੀ ਨੀਝ ਪਾ ਦਿੱਤੀ ਹੈ। ਪਰ ਇਸ ਫ਼ਲਸਫ਼ੇ ਦਾ ਪ੍ਰਕਾਸ਼ ਉਸ ਨਿਮਾਣੀ ਸਾਧ ਭਾਸ਼ਾ ਵਿੱਚ ਹੋਇਆ ਹੈ, ਜੋ ਉਚੇਰੇ ਗਿਆਨ ਤੇ ਅਨੰਦ ਨੂੰ ਸਚਮੁਚ ਸੁਰਗਾਂ ਤੋਂ ਉਤਾਰਕੇ ਕਿਰਸਾਨਾਂ, ਕਾਮਿਆਂ ਤੇ ਸਾਧਾਰਨ ਜਨਾਂ ਦੀ ਬੁਕਲ ਵਿੱਚ ਪਾ ਦਿੰਦੀ ਹੈ। ਲਗਦੀ ਵਾਹ ਭਾਸ਼ਾ ਨੂੰ ਲੋਕ ਪੱਧਰ ਦੇ ਨੇੜੇ ਤੇੜੇ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਕਿਉਂਕਿ ਆਪ ਜਿਸ ਪਾਤਰ ਨੂੰ ਮਿਲੇ ਉਸ ਨੂੰ ਉਸੇ ਦੀ ਬੋਲੀ ਵਿੱਚ ਉਪਦੇਸ਼ ਦਿੱਤਾ। ਇਸੇ ਤਰ੍ਹਾਂ ਜਦ ਜੋਗੀਆਂ ਨੂੰ ਮਿਲਦੇ ਹਨ ਤਾਂ ਯੋਗ ਸਾਧਨਾ ਦੀ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹਨ। ਜਿਵੇਂ 'ਸਿਧ ਗੋਸਟਿ' ਵਿੱਚ ਮਿਲਦਾ ਹੈ ਜਾਂ ਜਿਵੇਂ ਮੁੰਦਾ ਸੰਤੋਖ ਦੀ ਪਉੜੀ ਵਿੱਚ। ਵਿਭਿਨ ਮਤਾਂ ਮਤਾਂਤਰਾਂ ਦਾ ਤਰਕ ਵਿਤਰਕ ਹੈ। ਮੁਹਾਵਰਿਆਂ ਦਾ ਪ੍ਰਯੋਗ ਵੀ ਆਇਆ ਹੈ।"

ਨਾਥੀ ਸਭ ਜਾਕੀ, ਅਵਰਾ ਸਾਦ, ਪਵੈ ਨੀਸਾਣ, ਓੜਕ ਓੜਕ ਭਾਲ, ਅੰਤ ਨ ਅੰਤ, ਅੰਤ ਨ ਪਾਏ ਜਾਹਿ, ਉਠ ਉਠ ਜਾਹਿ, ਸੀਤੋ ਸੀਤਾ, ਕਰੇ ਤਨ ਖੇਹ ਆਦਿ।

ਰਸ : ਭਗਤੀ ਭਾਵ ਤੇ ਸਚਿਆਰ ਬਣਨ ਦੇ ਸੰਕੇਤਾਂ ਵਿੱਚ ਸ਼ਾਂਤ ਰਸ ਹੈ।

ਹੁਕਮ ਵਿੱਚ ਭਿਆਨਕ ਰਸ ਹੈ। ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇੰਦਾ, ਵਿੱਚ ਵੀ ਭਿਆਨਕ ਹੈ।

**ਅਦਭੁਤ ਰਸ** : ਉਹ ਵੇਖੈ ਉਨਾ ਨਦਰਿ ਨ ਆਵੈ, ਬਹੁਤਾ ਇਹ ਵਿਡਾਣੁ, ਬੀਰ ਰਸ ਵੀ ਉਤਸ਼ਾਹ ਵਜੋਂ ਪੈਦਾ ਕੀਤਾ ਗਿਆ।

**ਵੀਭਤਸ ਰਸ** : ਮੂਤ ਪਲੀਤੀ ਕਪੜ ਹੋਇ।

**ਨਾਦ ਬਿੰਬ** : ਤਿਥੈ ਘਾੜਤ ਘੜੀਐ, ਮੁਖਿ ਵੇਦ ਪਾਠ, ਗਿਆਨ ਗੀਤ ਗੁਣਗਾਹ।

**ਰੂਪ ਬਿੰਬ** : ਬਹੁਤ ਅਨੂਪ, ਸੁਆਲਿਹੁ ਰੂਪੁ, ਗਾਵਹਿ ਮੋਹਣੀਆ ਮਨ ਮੋਹਨਿ।

**ਦ੍ਰਿਸ਼ ਬਿੰਬ** : ਨਦੀਆ ਅਤੇ ਵਾਹ, ਪਵਹਿ ਸਮੁੰਦਿ ਨ ਜਾਣੀਅਹਿ।

ਮਨੋਵਿਗਿਆਨਕ ਬਿੰਬ : ਸੁਣਿ ਗਲਾ ਆਕਾਸ ਕੀ, ਕੀਟਾ ਆਈ ਰੀਸ।

ਰਸ ਬਿੰਬ : ਭਾਂਡਾ ਭਾਉ, ਅੰਮ੍ਰਿਤ ਤਿਤ ਢਾਲਿ।

ਹੁਕਮੀ, ਗਾਵੈ, ਸੁਣਿਐ, ਮੰਨੈ, ਅਮੁਲ, ਅੰਤ, ਗਾਵਹਿ, ਆਦੇਸ, ਆਦਿ ਮੂਲ ਸ਼ਬਦਾਂ ਨੂੰ ਦੁਹਰਾਇਆ ਗਿਆ ਹੈ। ਇਉਂ ਇੱਕ ਨਵਾਂ ਤਾਲਮੇਲ ਪੈਦਾ ਕੀਤਾ ਗਿਆ ਹੈ, ਇੱਕ ਨਵਾਂ ਰਸ ਪੈਦਾ ਕੀਤਾ ਗਿਆ ਹੈ। ਇੱਕ ਨਵਾਂ ਚਮਤਕਾਰ ਹੈ ਬੋਲੀ ਤੇ ਸ਼ੈਲੀ ਦਾ। ਸ਼ੈਲੀ ਨਿਰਮਾਣ ਹੈ 'ਨਾਨਕ ਨੀਚ ਕਹੈ ਵਿਚਾਰ' ਵਿੱਚ।

ਬ੍ਰਹਮ ਲਈ, ਅਨੰਤ, ਅਸਗਾਹ, ਬੇਅੰਤ, ਅਗੰਮ, ਅਸੰਖ, ਸਮੁੰਦ, ਆਦਿ ਵਿਸ਼ੇਸ਼ਣ ਵਰਤੇ ਗਏ ਹਨ। ਜਿੱਥੇ ਵੇਦਾਂ, ਸ਼ਾਸ਼ਤਰਾਂ, ਕੁਰਾਨ, ਆਦਿ ਦਾ ਅਧਿਐਨ ਆ ਜਾਂਦਾ ਹੈ ਓਥੇ ਸ਼ੈਲੀ ਵਿਦਵਾਨ ਸ਼ੈਲੀ ਹੈ। ਸਮਾਸੀ ਸ਼ੈਲੀ ਹੈ ਕਿ ਸਮਾਸ ਅਲੰਕਾਰਾਂ ਦੀ ਭਰਮਾਰ ਹੈ ਜਿਵੇਂ, ਸਹਸ ਸਿਆਣਪਾਂ, ਹੁਕਮ ਰਜਾਈ, ਵਿਦਿਆ ਵਿਖਮ ਵਿਚਾਰ, ਹਾਦਰਾ ਹਦੂਰਿ, ਵਡਿਆਈਆ ਚਾਰ, ਜੁਗਾ ਜੁਗੰਤਰ, ਭਾਉ ਅਪਾਰ, ਆਦਿ।

ਤੁਲ ਯੋਗਤਾ ਅਲੰਕਾਰ : ਸੁਣਿਐ ਸਿਧ ਪੀਰ ਸੁਰ ਨਾਥ, ਸੁਣਿਐ ਧਰਤ ਧਵਲ ਆਕਾਸ।

ਪ੍ਰਸ਼ਨੋਤਰੀ ਅਲੰਕਾਰ : ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ।

ਅਨੁਪਰਾਸ ਅਲੰਕਾਰ : ਕਥਿ ਕਥਿ ਕਥੀ, ਕੋਟੀ ਕੋਟਿ ਕੋਟਿ, ਸੋਈ ਸੋਈ ਸਦਾ ਸਚ ਸਾਹਿਬ ਸਾਚਾ ਸਾਚੀ ਨਾਈ।

ਬੋਲੀ ਵਿੱਚ ਇੱਕ ਅਖੁਟ ਸੰਗੀਤਕ ਪ੍ਰਵਾਹ ਵਹਿੰਦਾ ਚਲਾ ਜਾਂਦਾ ਹੈ। ਬੋਲੀ ਤੇ ਸ਼ੈਲੀ ਸਤਿਅੰ, ਸ਼ਿਵੰ, ਸੁੰਦਰੰ ਦੀ ਧਾਰਨੀ ਹੈ। ਕਲਿਆਣਕਾਰੀ ਹੈ। ਸ਼ਬਦਾਵਲੀ ਵਿੱਚ ਛਣਕਾਰ ਹੈ। ਲਚਕ ਹੈ। ਸ਼ਬਦ ਆਪਣਾ ਰੂਪ ਬਦਲਦੇ

ਕੁਨ ਵਾਲੀ ਹੈ। ਵਡਾਣ ਪੈਦਾ ਕਰਨ ਵਾਲੀ ਹੈ। ਗਿਆਨ ਵਰਧਕ ਹੈ। ਫੁਰਤੀਲੀ ਹੈ। ਸ਼ੈਲੀ ਵਿਸ਼ੇ ਵਿਚਾਰ ਅਨੁਕੂਲ ਹੈ। ਰਾਗਾਨੁਕੂਲ ਹੈ। ਵਿਸ਼ੇ ਜਾਂ ਵਿਚਾਰ ਦੇ ਬਦਲਣ ਨਾਲ ਸ਼ੈਲੀ ਵੀ ਬਦਲ ਜਾਂਦੀ ਹੈ। ਚੜ੍ਹਦੀ ਕਲਾ ਦੀ ਸ਼ੈਲੀ ਹੈ। ਕੈਸੇ ਜਚਦੇ ਫਬਦੇ ਤੇ ਥਾਂ ਸਿਰ ਟਿਕਾਏ ਢੁਕਵੇਂ ਫਬਵੇਂ ਸ਼ਬਦ ਹਨ। ਸ਼ਬਦਾਵਲੀ ਲਿਸ਼ਕਦੀ ਪੁਸ਼ਕਦੀ ਹੈ। ਪ੍ਰਭੂ ਦਾ ਦਮ ਭਰਦੇ ਸ਼ਬਦ ਹਨ। ਕਾਤਲਾਂ ਤੇ ਕਤਲਾਂ ਦੇ ਬਿਆਨ ਵਿੱਚ ਸ਼ਬਦ ਵੀ ਗਲਵਫ ਹਤਿਆ ਕਮਾਹਿਦੇ ਆ ਜਾਂਦੇ ਹਨ। ਭਾਵ ਸ਼ਬਦ ਵੀ ਕਾਤਲ ਹੋ ਜਾਂਦੇ ਹਨ। ਬਖ਼ਸ਼ਣਹਾਰ ਦੇ ਵਰਤਾਰੇ ਲਈ ਸ਼ਬਦ ਵੀ ਬਖ਼ਸ਼ੀਸ਼ ਦੇ ਆ ਗਏ ਹਨ। ਜੈਸੀ ਸਥਿਤੀ ਹੈ ਵੈਸੀ ਹੀ ਸ਼ਬਦਾਵਲੀ ਹੱਥ ਬੰਨ੍ਹ ਕੇ ਆ ਹਾਜ਼ਰ ਹੋਈ ਹੈ। ਗੱਲ ਤਰਕਮਈ ਸ਼ੈਲੀ ਵਿੱਚ ਕੀਤੀ ਗਈ ਹੈ :

*ਏਵਡ ਊਚਾ ਹੋਵੈ ਕੋਇ। ਤਿਸ ਊਚੇ ਕਉ ਜਾਣੈ ਸੋਇ।*

ਲਗਦੀ ਵਾਹ ਗੱਲ ਲੋਕ ਪੱਧਰ ਤੇ ਰਖ ਕੇ ਕੀਤੀ ਗਈ ਹੈ ਜਿਵੇਂ :

*ਜਿਸ ਹਥਿ ਜੋਰੁ ਕਰ ਵੇਖੈ ਸੋਇ।*

ਭਾਵ ਜਿਸ ਦੇ ਹੱਥ ਵਿੱਚ ਜ਼ੋਰ ਹੈ ਉਹ ਜ਼ੋਰ ਕਰਕੇ ਵੇਖ ਲਵੇ। ਉਸ ਅੱਗੇ ਜ਼ੋਰ ਨਹੀਂ ਚਲਦਾ ਇਸ ਤੋਂ ਅਗਲੀ ਗੱਲ ਆਪ ਆਸਾ ਦੀ ਵਾਰ ਵਿੱਚ ਕਰਦੇ ਹਨ ਕਿ ਉਸ ਅੱਗੇ ਨਾ ਜਾਤ ਦਾ ਵਡੱਤਣ ਨਾ ਜ਼ੋਰ ਚਲਦਾ ਹੈ। ਓਥੇ ਤਾਂ ਕੇਵਲ ਜੀਵਾਂ ਦਾ ਨਿਵਣਾ ਹੀ ਬਣਦਾ ਹੈ, ਫਬਦਾ ਹੈ।

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ*

ਸੋ ਜਪੁਜੀ ਵਿੱਚ ਦਲੀਲ ਵੀ ਹੈ ਅਤੇ ਅਨੋਖਾ ਵਲਵਲਾ ਵੀ ਨਾਲੋ ਨਾਲ ਚਲਦੇ ਹਨ।

**ਜਪੁਜੀ ਵਿੱਚ ਮਿਥ ਦਾ ਰੂਪਾਂਤਰਣ :** ਸ਼ਬਦ ਮਿਥ ਮਿਥਿਹਾਸ ਦਾ ਸੰਖੇਪ ਹੈ। ਇਸ ਦਾ ਅਰਥ ਹੈ ਗਿਣੀ ਮਿਥੀ ਗੱਲ ਜਾਂ ਕਹਾਣੀ। ਵੈਸੇ ਤਾਂ ਸਮੂਹ ਆਦਿ ਗ੍ਰੰਥ ਵਿੱਚ ਹੀ ਇਤਿਹਾਸ ਮਿਥਿਹਾਸ ਹਵਾਲਿਆ ਗਿਆ ਹੈ। ਇਹ ਆਪਣੇ ਖੰਡਣ ਜਾਂ ਮੰਡਣ ਰੂਪ ਵਿੱਚ ਆਇਆ ਹੈ। ਜਪੁਜੀ ਵਿੱਚ ਵੀ ਮਿਥਦਾ ਰੂਪਾਂਤਰਣ ਭਰਪੂਰ ਮਾਤਰਾ ਵਿੱਚ ਮਿਲਦਾ ਹੈ। ਮਿਥ ਦਾ ਅਰਥ ਪੌਰਾਣਿਕ ਕਥਾ ਤੋਂ ਵੀ ਹੈ। ਰੂਪਾਂਤਰਣ ਦਾ ਅਰਥ ਹੈ ਉਲੇਖ ਕਰਨਾ, ਵਰਣਨ ਕਰਨਾ, ਆਦਿ।

**ਵੇਦਿਕ ਹਵਾਲੇ ਆਮ ਹਨ :**

*ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ।*

ਗੁਰੂ ਦੀ ਪਦਵੀ ਦੇ ਅਹਿਸਾਸ ਲਈ ਇਸ ਮਿਥ ਦਾ ਰੂਪਾਂਤਰਣ ਕੀਤਾ ਗਿਆ ਹੈ। ਗੁਰੂ ਈਸਰ (ਵਿਸ਼ਨੂੰ) ਗੋਰਖ (ਸ਼ਿਵ) ਤੇ ਬ੍ਰਹਮਾ, ਪਾਰਬਤੀ, ਆਦਿ ਜਿਹੀ ਸ਼ਕਤੀ ਹੈ।

ਫਿਰ ਅੱਗੇ ਆਇਆ ਹੈ ਕਿ ਇਨ੍ਹਾਂ ਸ਼ਕਤੀਆਂ ਨੇ ਪਦਵੀਆਂ ਕਿਵੇਂ ਗ੍ਰਹਿਣ ਕੀਤੀਆਂ? ਸੁਣਿਐ ਈਸਰੁ ਬਰਮਾ ਇੰਦੁ।

ਭਾਵ ਪ੍ਰਭੂ ਦਾ ਨਾਮ ਸੁਣਨ ਕਰਕੇ ਇਹ ਏਡੀਆਂ ਪਦਵੀਆਂ ਤੇ ਪਹੁੰਚੇ ਹਨ। ਅੱਗੇ 11ਵੀਂ ਪਉੜੀ ਵਿੱਚ ਅਗਸਤ ਰਿਸ਼ੀ ਦੇ ਸਮੁੰਦਰ ਨੂੰ ਚੂਲੀ ਬਣਾ ਕੇ ਪੀਣ ਦੀ ਕਥਾ ਹੈ ਜਿਸ ਨੂੰ ਇੱਕੋ ਪੰਕਤੀ ਵਿੱਚ ਹੀ ਬੰਨ੍ਹ ਕੇ ਰੱਖ ਦਿੱਤਾ ਹੈ।

*ਸੁਣਿਐ ਹਾਥ ਹੋਵੈ ਅਸਗਾਹੁ।*

ਭਾਵ ਕਿ ਪ੍ਰਭੂ ਦਾ ਨਾਮ ਸੁਣਨ ਕਰਕੇ ਹੀ ਰਿਸ਼ੀ ਅਗਸਤ ਵਿੱਚ ਏਨੀ ਸ਼ਕਤੀ ਆ ਗਈ ਕਿ ਉਸ ਨੇ ਸਮੂਹ ਸਾਗਰ ਨੂੰ ਇੱਕ ਮਾਮੂਲੀ ਚੂਲੀ ਬਣਾ ਕੇ ਪੀ ਲਿਆ। ਪਰ ਪੀਣ ਦੀ ਲੋੜ ਕਿਵੇਂ ਪਈ? ਉਹ ਇਸ ਤਰ੍ਹਾਂ ਕਿ ਰਾਤ ਵੇਲੇ ਦੈਂਤ ਰਿਸ਼ੀਆਂ ਨੂੰ ਤੰਗ ਕਰਦੇ ਸਨ ਅਤੇ ਦਿਨੇ ਸਮੁੰਦਰ ਵਿੱਚ ਲੁਕ ਜਾਂਦੇ ਸਨ। ਇਸ ਕਰਕੇ ਸਮੁੰਦਰ ਨੂੰ ਪੀਤਾ ਗਿਆ। ਇਹ ਕਥਾ ਸੰਕੇਤ ਮਾਤਰ ਹੀ ਬਿਆਨ ਪਾ ਸਕੀ ਹੈ। ਇਸ ਦਾ ਅਰਥ ਇਹ ਹੋਇਆ ਕਿ ਜੋ ਆਪਣੇ ਪੂਰਵ ਵਿਰਸੇ ਨਾਲੋਂ ਟੁੱਟਿਆ ਵਿਅਕਤੀ ਹੈ ਉਹ ਬਾਣੀ ਦੀ ਥਾਹ ਨਹੀਂ ਪਾ ਸਕਦਾ। ਬਾਣੀ ਦੇ ਅਰਥ ਨਹੀਂ ਕਰ ਸਕਦਾ। ਪ੍ਰਭੂ ਨੂੰ ਮੰਨਣ ਵਾਲੇ ਨੂੰ ਜਮਾਂ ਦੀ ਫਾਹੀ ਨਹੀਂ ਪੈਂਦੀ।

*ਧੌਲੁ ਧਰਮੁ, ਦਇਆ ਕਾ ਪੂਤੁ।...*

*ਜੋ ਕੋ ਬੁਝੈ ਹੋਵੈ ਸਚਿਆਰੁ*

*ਧਵਲੈ ਉਪਰ ਕੇਤਾ ਭਾਰ ਤਿਸ ਤੇ ਭਾਰ ਤਲੈ ਕਵਣੁ ਜੋਰੁ।*

ਭਾਵ ਇਹ ਧਰਤੀ ਕਿਸੇ ਆਮ ਬਲਦ ਨੇ ਨਹੀਂ ਚੁੱਕੀ ਹੋਈ, ਸਗੋਂ ਇਹ ਧਰਤੀ ਤਾਂ ਧਰਮ ਰੂਪੀ ਬਲਦ ਉੱਤੇ ਖੜੀ ਹੈ। ਉਸ ਧਰਮ ਵਿੱਚ ਸੰਤੋਖ ਹੈ, ਦਇਆ ਦੀ ਕੋਖ ਚੋਂ ਪੈਦਾ ਹੋਇਆ ਹੈ। ਭਾਵ ਦਇਆ ਭਾਵਨਾ ਵਾਲਾ ਹੈ। ਇੱਕ ਸੂਤਰ ਵਿੱਚ ਬੱਧਾ ਹੋਇਆ। ਭਾਵ ਮਾਣ ਮਰਿਯਾਦਾ ਦੇ ਸੂਤਰ ਵਿੱਚ ਬੱਝਾ ਹੋਇਆ ਹੈ। ਵਰਨਾ ਆਮ ਬਲਦ ਧਰਤੀ ਤੇ ਧਰਤੀ ਉੱਤੇ ਹੋਰ ਏਨੇ ਭਾਰ ਨੂੰ ਕਿਵੇਂ ਚੁੱਕ ਸਕਦਾ ਹੈ। ਲੋਕ ਤਾਂ ਏਨਾ ਹੀ ਨਹੀਂ ਮੰਨ ਸਕਦੇ ਕਿ ਧਰਤੀ ਨੂੰ ਬਲਦ ਨੇ ਕਿਵੇਂ ਚੁੱਕ ਲਿਆ ਹੈ। ਗੁਰੂ ਗੋਬਿੰਦ ਸਿੰਘ ਤਾਂ ਏਥੋਂ ਤੱਕ ਕਥਨ ਕਰਦੇ ਹਨ ਕਿ ਗਗਨ ਨੂੰ ਬਿਨਾ ਥੰਮਾਂ ਦੇ ਖੜਾ ਕੀਤਾ ਗਿਆ ਹੈ। ਫਿਰ ਆਮ ਧਰਤੀ ਹੇਠਲੇ ਬਲਦ ਅਤੇ ਬਲਦ ਹੇਠਲੇ ਕੂਰਮ ਦੀ ਗੱਲ ਵੀ ਕਰਦੇ ਹਨ। ਕੂਰਮ ਅਵਤਾਰ ਹੋਇਆ ਹੈ ਵਿਸ਼ਨੂੰ ਸ਼ਕਤੀ ਦਾ। ਧਰਮ ਦਾ ਬਲਦ ਓਸ ਸ਼ਕਤੀ ਉੱਤੇ ਖੜਾ ਹੈ। ਅੱਗੇ ਕੂਰਮ ਅਵਤਾਰ ਦੀ ਸ਼ਕਤੀ ਬ੍ਰਹਮ ਸ਼ਕਤੀ ਤੇ ਖੜੀ ਹੈ। ਬਸ ਬ੍ਰਹਮ ਤੋਂ ਅੱਗੇ ਹੋਰ ਕੁਝ ਨਹੀਂ ਹੈ।

ਅੱਗੇ ਦੇਵੀ ਦੇਵਤੇ, ਚਿਤਰ ਗੁਪਤ, ਇੰਦਰ, ਕਾਹਨ ਆਦਿ ਦਾ ਜ਼ਿਕਰ ਹੈ। ਧਰਤੀ ਦੀ ਸਾਜਨਾ ਵਿੱਚ ਕੁਰਾਨ ਤੇ ਅੰਜੀਲ ਅਤੇ ਪੁਰਾਣ ਆਦਿ ਹੰਘਾਲੇ ਗਏ ਹਨ। ਸੋ ਸਿੱਟਾ ਕੱਢ ਸਕਦੇ ਹਾਂ ਕਿ ਜਪੁਜੀ ਵਿੱਚ ਮਿਥ ਦਾ ਭਰਪੂਰ ਰੂਪਾਂਤਰਣ ਮਿਲਦਾ ਹੈ। ਭਾਵੇਂ ਸੰਕੇਤ ਮਾਤਰ ਹੀ ਹਵਾਲੇ ਆਏ ਹਨ ਪਰੰਤੂ ਆਏ ਭਰਪੂਰ ਮਾਤਰਾ ਵਿੱਚ ਹਨ। ਇਸੇ ਕਰਕੇ ਇਸ ਬਾਣੀ ਨੂੰ ਸਮਝਣਾ ਕਠਿਨ ਹੈ। ■

ਖਿਮਾਂ : ਪਿਛਲੇ ਅੰਕ ਵਿੱਚ 'ਭਾਈ ਹਰਚੰਦ ਸਿੰਘ ਰਾਗੀ ਅਤੇ ਸਾਥੀ'
ਲੇਖ ਦੇ ਲੇਖਕ 'ਹਰਭਜਨ ਸਿੰਘ ਬਟਾਲਵੀ' ਦਾ ਐਡਰੈਸ ਗਲਤ ਛਪ ਗਿਆ ਸੀ।
ਉਹਨਾਂ ਸਹੀ ਐਡਰੈਸ '297, ਮਾਸਟਰ ਤਾਰਾ ਸਿੰਘ ਨਗਰ, ਜਲੰਧਰ'

**ਲੇਖਕਾਂ ਲਈ ਬੇਨਤੀ**

'ਅੰਮ੍ਰਿਤ ਕੀਰਤਨ' ਲਈ ਭੇਜੀਆਂ ਰਚਨਾਵਾਂ ਹੋਰ ਕਿਧਰੇ ਛਪਣ ਲਈ ਨਾ ਭੇਜੀਆਂ ਜਾਣ ਜੀ।

ਭਗਤਿ ਗੁਰ ਸੇਵਾ ਤਰਣਾ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ॥

HELP NEEDY

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ੍ਹ
PHONES : 701238, 713915, 701396

HELP NEEDY

**IN THE SERVICE OF HUMANITY**

Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

**THE AROMA**
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com

Premium Event Centre
Millennium Centre
Deliberations
Abhinandan
Exporama
Mind Set
Phulkari
Art Craft

*Metres and metres of endless possibilities*

# ਗੁਰਸਿਖ ਮੀਤ ਚਲਹੁ ਗੁਰ ਚਾਲੀ...
# ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

**ਰਮੇਸ਼ ਸਿੰਘ**
C-131, Sonari West Jamshedpur-831 011

ਅਮਲ, ਅਮਲ, ਅਮਲ..., ਸਿੱਖੀ ਦਾ ਮਹੱਲ ਖੜਾ ਹੀ ਅਮਲ ਤੇ ਹੈ, ਸੁ ਜੇ ਅਮਲ ਨਹੀਂ ਤਾਂ ਕੁਛ ਨਹੀਂ। ਮੱਕਾ ਵਿਖੇ ਗੁਰੂ ਨਾਨਕ ਦੇਵ ਜੀ ਨੇ ਕਾਜੀਆਂ ਨੂੰ ਸਮਝਾਇਆ ਸੀ "ਸੁਭਿ ਅਮਲਾ ਬਾਝਹੁ ਦੋਨੋ ਰੋਈ" (ਭਾਈ ਗੁਰਦਾਸ ਜੀ, ਵਾਰ 1/33), ਅਰਥਾਤ ਅਮਲੀ ਜੀਵਨ ਤੋਂ ਬਗੈਰ ਧਾਰਮਿਕ ਕੰਮ, ਤੀਰਥ, ਬਰਤ, ਨੇਮ, ਜਪ, ਤਪ, ਸੰਜਮ... ਕਰ ਕੇ ਵੀ ਸਾਰੇ ਧਰਮਾਂ ਦੇ ਲੋਕ ਦੁਖੀ ਰਹਿਣਗੇ ਕਿਉਂਕਿ ਅਮਲ ਰਹਿਤ ਸਾਰਾ ਕੁਝ ਕਰਮ ਕਾਂਡ ਬਣ ਕੇ ਰਹਿ ਜਾਏਗਾ, ਭੰਗ ਦੀਆਂ ਚੂਲੀਆਂ ਕਰਨ ਵਾਲੀ ਗੱਲ ਹੋਵੇਗੀ, ਨਾਮ ਖੁਮਾਰੀ ਦਾ ਨਸ਼ਾ ਨਹੀਂ ਚੜ੍ਹੇਗਾ, ਪ੍ਰਭੂ ਪਿਆਰ ਦਾ ਪਾਗਲਪਨ ਸਵਾਰ ਨਹੀਂ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦ੍ਰਿੜਤਾ ਨਾਲ ਇਸ ਗੱਲ ਤੇ ਵਾਰ-ਵਾਰ ਜੋਰ ਦੇਂਦੇ ਹਨ। ਗੁਰੂ ਅਰਜਨ ਦੇਵ ਜੀ ਆਖਦੇ ਹਨ, ਭਾਈ ਤੂੰ ਕਹਿੰਦਾ ਹੈਂ ਪ੍ਰਭੂ ਮਿਲਣ ਦੀ ਇੱਛਿਆ ਹੈ, ਕਈ ਜਨਮਾਂ ਦਾ ਚੱਕਰ ਕੱਟ ਕੇ ਆਇਆ ਹਾਂ, ਗੁਰੂ ਤੋਂ ਸੋਝੀ ਪ੍ਰਾਪਤ ਹੋਈ ਹੈ ਕਿ ਪ੍ਰਭੂ ਮਿਲਣ ਹੀ ਮੇਰੀ ਜ਼ਿੰਦਗੀ ਦਾ ਮਕਸਦ ਹੈ, ਸੁ ਇਸ ਮਕਸਦ ਦੀ ਪ੍ਰਾਪਤੀ ਲਈ ਤੈਨੂੰ ਗੁਰ ਹੁਕਮਾਂ ਦੀ ਕਮਾਈ ਕਰਨੀ ਪਵੇਗੀ, ਆਪਣੇ ਮਨ ਦੀ ਮਤਿ ਛੱਡਣੀ ਪਵੇਗੀ, ਦੂਜੇ ਲੋਕਾਂ, ਦੂਜੀਆਂ ਚੀਜਾਂ, ਦੂਜੀਆਂ ਗੱਲਾਂ, ਦੂਜੇ ਕੰਮਾਂ ਦਾ ਪਿਆਰ, ਅਰਥਾਤ ਦੂਜਾ ਭਾਉ ਤਿਆਗਣਾ ਹੀ ਪਵੇਗਾ :

*ਇਤੁ ਮਾਰਗਿ ਚਲੇ ਭਾਈਅੜੇ, ਗੁਰ ਕਹੈ ਸੁ ਕਾਰ ਕਮਾਇ ਜੀਉ॥*
*ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ॥*
*ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ॥*

(ਪੰਨਾ 763)

ਪ੍ਰਭੂ ਨੂੰ ਜ਼ਿੰਦਗੀ ਵਿੱਚ ਸਭ ਤੋਂ ਉਪਰ ਕਰਨਾ ਪਵੇਗਾ, ਸਭ ਨਾਲ ਪਿਆਰ ਕਰਨਾ ਪਵੇਗਾ, ਸਾਰੀ ਮਨੁੱਖ ਜਾਤੀ ਨੂੰ ਇੱਕੋ ਜਿਹਾ ਸਮਝਣਾ ਪਵੇਗਾ, ਸਾਰੇ ਪੂਜਾ ਅਸਥਾਨਾਂ, ਸਾਰੇ ਪੀਰਾਂ, ਅਵਤਾਰਾਂ, ਮਹਾਂਪੁਰਸ਼ਾਂ ਦਾ ਸਤਿਕਾਰ ਕਰਨਾ ਪਵੇਗਾ। ਅਮਲ ਦਾ ਮਤਲਬ ਹੈ ਪ੍ਰਭੂ ਪਿਆਰ ਸਿੱਖ ਦੀ ਜ਼ਿੰਦਗੀ 'ਚੋਂ ਪ੍ਰਗਟ ਹੋਵੇ, ਸਿੱਖ ਦੁਨੀਆਂ ਅੰਦਰ ਪਿਆਰ ਦਾ ਦੂਤ ਬਣ ਕੇ ਵਿਚਰੇ, ਉਹ ਜਿਥੇ ਜਾਵੇ, ਜਿੱਥੇ ਬੈਠੇ, ਜਿੱਥੇ ਘੁੰਮੇ, ਜੋ ਵੀ ਕਾਰ ਕਰੇ, ਜਿਸ ਨਾਲ ਵੀ ਮਿਲੇ, ਬਸ ਪਿਆਰ ਵੰਡੇ, ਪਿਆਰ ਦਾ ਪ੍ਰਤੀਕ ਹੋਵੇ, ਪਿਆਰ ਦਾ ਰੂਪ ਹੋਵੇ, ਪਿਆਰ ਦੀ ਮੂਰਤ ਹੋਵੇ, ਪਿਆਰ ਦਾ ਸਾਗਰ ਹੋਵੇ, ਪਿਆਰ ਦੀ ਮਹਿਕ ਹੋਵੇ, ਪਿਆਰ ਦੀ ਹਨੇਰੀ ਹੋਵੇ, ਬਸ ਪਿਆਰ, ਪਿਆਰ ਪਿਆਰ, ਪਿਆਰ ਤੋਂ ਇਲਾਵਾ ਉਸਨੂੰ ਹੋਰ ਕੁਝ ਨਾ ਸੁੱਝੇ, ਕਿਉਂਕਿ ਉਹ ਪਿਆਰੇ ਦਾ ਪਿਆਰਾ ਹੈ, ਪਿਆਰੇ ਦੀ ਯਾਦ ਹੀ ਉਸ ਦੀ ਜਿੰਦਜਾਨ ਹੈ, ਉਸਦੇ ਪ੍ਰਾਨ ਹਨ; ਗੁਰੂ ਨੇ ਉਸਨੂੰ ਦ੍ਰਿੜ ਕਰਾ ਦਿੱਤਾ ਹੈ ਕਿ ਅਤਿ ਪ੍ਰੀਤਮ ਮਨਮੋਹਨ, ਮੋਹਨ ਪ੍ਰਾਨ ਮਾਨ ਰਾਂਗੀਲਾ, ਪ੍ਰਭੂ ਨੂੰ ਪਾਉਣ ਦਾ ਇੱਕੋ ਤਰੀਕਾ ਹੈ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥"

ਐਸੇ ਪ੍ਰਭੂ ਪਿਆਰ ਦੇ ਦਿਵਾਨਿਆਂ ਦੀ ਇੱਕ ਟੋਲੀ ਸਾਡੇ ਸ਼ਹਿਰ ਵਿੱਚ ਆਈ ਤੇ ਕੁਝ ਇਹੋ ਜਿਹਾ ਅਹਿਸਾਸ ਕਰਾ ਗਈ 4-5 ਦਿਨ ਦੇ ਸਤਿਸੰਗ ਦੌਰਾਨ :

*ਦੇਖਹੁ ਅਚਰਜ ਭਇਆ॥*
*ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ, ਸੋ ਰਿਦੈ ਗੁਰਿ ਦਇਆ॥*

(ਪੰਨਾ 612)

*ਦੇਖੌ ਭਾਈ ਗ੍ਯਾਨ (ਗਿਆਨ) ਕੀ ਆਈ ਆਂਧੀ॥*
*ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥*

.............

*ਆਂਧੀ ਪਾਛੇ ਜੋ ਜਲੁ ਬਰਖੈ, ਤਿਹਿ ਤੇਰਾ ਜਨੁ ਭੀਨਾ॥*

(ਪੰਨਾ 331-332)

ਪ੍ਰਭੂ ਪਿਆਰ ਦੀ ਇਸ ਹਨੇਰੀ ਨੇ ਸਾਰਿਆਂ ਨੂੰ engulf ਕਰ ਲਿਆ, ਜਿਧਰ-ਜਿਧਰ ਵੀ ਇਹ ਹਨੇਰੀ ਫਿਰ ਗਈ, ਉੱਥੇ-ਉੱਥੇ ਪ੍ਰਭੂ ਦੀ ਪੜ੍ਹਾਈ ਦ੍ਰਿੜ ਕਰਾ ਗਈ, ਜ਼ਿੰਦਗੀ ਦੇ ਮਕਸਦ ਦੀ ਸੋਝੀ ਦੇ ਗਈ, ਅੰਮ੍ਰਿਤ ਵੇਲੇ ਦੀ ਮਹਾਨਤਾ ਉਜਾਗਰ ਕਰ ਗਈ, ਨਾਮ ਰਸ ਦਾ ਸੁਆਦ ਦੇ ਗਈ, ਠੰਡ ਵਰਤਾ ਗਈ, ਤਪਤੇ ਹਿਰਦੇ ਸ਼ਾਂਤ ਹੋਏ, ਲੋਕਾਂ ਨੂੰ ਰਾਹਤ ਮਹਿਸੂਸ ਹੋਈ, ਤੇ ਸਭ ਤੋਂ ਵਧ, ਇਹ ਹਨੇਰੀ ਪੱਕਾ ਕਰਾ ਗਈ ਕਿ ਪ੍ਰੀਤਮ ਦੇ ਦੇਸ਼ ਬਾਤਾਂ ਨਾਲ ਨਹੀਂ ਪਹੁੰਚਿਆ ਜਾ ਸਕਦਾ, ਉੱਥੇ ਪਹੁੰਚਣ ਦਾ ਇੱਕੋ-ਇੱਕੋ ਮਾਰਗ ਹੈ ਗੁਰ ਉਪਦੇਸ਼ ਨੂੰ ਪਕੜ ਕੇ ਉਸ ਦੀ ਕਮਾਈ ਕਰਨਾ।

ਇੱਕ ਦਿਨ ਇਹ ਹਨੇਰੀ ਪਹੁੰਚੀ ਜਮਸ਼ੇਦਪੁਰ ਦੇ ਇਸਾਈਆਂ ਵੱਲੋਂ ਕ੍ਰਿਸਮਸ ਦੇ ਮੌਕੇ ਤੇ ਆਯੋਜਿਤ Inter-Faith Meeting ਵਿੱਚ। ਗੁਰੂ ਦੇ ਪਿਆਰੇ ਇੱਕ ਸਿੱਖ ਨੇ 7-8 ਮਿਨਟ ਦੇ ਆਪਣੇ ਲੈਕਚਰ ਦੁਆਰਾ ਸਭ ਦਾ ਮਨ ਮੋਹ ਲਇਆ ਇਹ ਭਾਵਨਾ ਵਿਅਕਤ ਕਰਕੇ ਕਿ, ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੇ ਅਮਲ ਕਰਨ ਦਾ ਚਾਹਵਾਨ ਹੋਣ ਕਰਕੇ ਮੈਨੂੰ ਜੀਸਸ ਨਾਲ ਵੀ ਪਿਆਰ ਹੈ

*"ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ..."*

(ਪੰਨਾ 1349)

ਤੇ ਜੀਸਸ ਵੀ ਮੈਨੂੰ ਪਿਆਰ ਕਰਦੇ ਹਨ। 1971 ਵਿੱਚ ਜੀਸਸ ਦੇ ਜਨਮ ਦਿਨ, ਜੋ ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਵੀ ਪ੍ਰਕਾਸ਼ ਦਿਹਾੜਾ ਸੀ, 25 ਦਿਸੰਬਰ ਨੂੰ ਅੰਮ੍ਰਿਤ ਛਕਿਆ ਸੀ। ਸੁ ਇਹ ਸੁਭਾਗਾ ਦਿਨ ਜਿੱਥੇ ਮੈਨੂੰ ਗੁਰੂ ਦਾ ਗੁਲਾਮ ਹੋਣ ਦੀ ਯਾਦ ਕਰਾਂਦਾ ਹੈ, ਉੱਥੇ ਪ੍ਰਭੂ ਦੇ ਪਿਆਰੇ ਦੂਤ ਜੀਸਸ ਦਾ ਪਿਆਰ ਵੀ ਬਖਸ਼ਦਾ ਹੈ। ਗੁਰੂ ਤੋਂ ਪ੍ਰਾਪਤ ਪ੍ਰੇਰਣਾ ਸਦਕਾ ਕਈ ਵਰ੍ਹਿਆਂ ਪਹਿਲਾਂ ਪੈਰਿਸ ਵਿੱਚ ਇੱਕ ਬੁੱਢੀ ਇਸਾਈ ਮਾਂ ਨੂੰ ਜੀਸਸ ਵਿੱਚ ਉਸਦਾ ਸਿਦਕ ਮੁੜ ਜੀਵਤ ਕਰਾ ਕੇ ਪ੍ਰਭੂ ਦਾ ਪਿਆਰ ਤੇ ਅਸ਼ੀਰਵਾਦ ਪਾਇਆ ਸੀ ਤੇ ਲੰਡਨ ਦੀ Metro Rail ਵਿੱਚ ਇੱਕ ਯੁਵਾ ਪਾਕਿਸਤਾਨੀ ਡਾਕਟਰ ਨੂੰ ਨਮਾਜ਼ ਰੋਜ਼ੇ ਪੜ੍ਹਨ ਤੇ ਸਾਰੀ ਮਨੁਖਤਾ ਦੀ ਸੇਵਾ ਕਰਨ ਦੀ ਗੱਲ ਕਹੀ ਸੀ। ਉਹ ਪਾਕਿਸਤਾਨੀ ਸਿੱਖ ਦੀ ਇਹ ਗੱਲ ਸੁਣ ਹੈਰਾਨ ਰਹਿ ਗਇਆ ਤੇ ਭਰੇ ਗਲੇ ਨਾਲ ਕਿਹਾ- "ਸਰਦਾਰ ਜੀ, ਮੈਂ ਇਹ ਕਦੇ ਨਹੀਂ ਭੁਲਾਂਗਾ ਕਿ ਆਪਣੇ ਵਤਨ ਤੋਂ ਦੂਰ, ਇੱਕ ਸਿੱਖ ਨੇ ਮੈਨੂੰ ਅਲਾਹ ਦੀ ਯਾਦ ਕਰਾਈ ਸੀ।" ਜਦੋਂ ਤੀਕਰ ਸਾਰੇ ਧਰਮਾਂ ਦੀ ਬਰਾਬਰੀ ਦੇ ਸਿਧਾਂਤ ਤੇ ਅਸੀਂ ਅਮਲ ਨਹੀਂ ਕਰਦੇ, Inter-Faith Dialogue ਦਾ ਕੋਈ ਮਤਲਬ ਨਹੀਂ। ਇਸਾਈਆਂ ਨੂੰ ਚਾਹੀਦਾ ਹੈ ਕਿ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਦਿਆਂ ਉਹ ਸਭ ਨਾਲ ਜੀਸਸ ਦਾ ਪਿਆਰ ਵੰਡਣ, ਜੀਸਸ ਦੇ ਪਿਆਰ ਦਾ ਪਾਤ੍ਰ ਬਣਨ ਦਾ ਇਹੋ ਤਰੀਕਾ ਹੈ।

ਹਨੇਰੀ ਇੱਕ ਦਿਨ ਪਹੁੰਚੀ ਇੱਕ ਬਿਹਾਰੀ ਪਰਿਵਾਰ ਵਿੱਚ ਜਿਨ੍ਹਾਂ ਦਾ ਇਕਲੌਤਾ ਨੌਜਵਾਨ ਬੇਟਾ ਬਲਡ ਕੈਂਸਰ ਨਾਲ ਕੁਝ ਮਹੀਨੇ ਪਹਿਲਾਂ ਮਰ ਗਿਆ ਸੀ। ਇਸ ਬੱਚੇ ਦੇ ਇਲਾਜ ਲਈ ਕੁਝ ਸਿੱਖਾਂ ਤੇ ਸਿੱਖ ਸੰਸਥਾਵਾਂ ਨੇ 4-5 ਲੱਖ ਰੁਪਏ ਇਕੱਤਰ ਕੀਤੇ ਸਨ, ਪਰ ਪ੍ਰਭੂ ਦੇ ਭਾਣੇ ਅੰਦਰ bone marrow transplant ਦਾ ਉਪਰੇਸ਼ਨ ਹੋਣ ਤੋਂ ਪਹਿਲਾਂ ਹੀ ਉਸਦੀ ਮੌਤ ਹੋ ਗਈ ਸੀ। (ਮਾਂ-ਪਿਉ ਤੇ ਤਿੰਨ ਭੈਣਾਂ) ਸਾਰਾ ਪਰਿਵਾਰ ਦੁਖੀ ਸੀ ਤੇ ਇਸ ਸਦਮੇ ਨੇ ਉਨ੍ਹਾਂ ਦੀ ਜ਼ਿੰਦਗੀ ਅੰਦਰ ਭੂਚਾਲ ਪੈਦਾ ਕਰ ਦਿੱਤਾ ਸੀ। ਪਾਗਲਾਂ ਦੀ ਟੋਲੀ ਜਦ ਉਨ੍ਹਾਂ ਦੇ ਘਰ ਪਹੁੰਚੀ ਤਾਂ ਸਾਰਾ ਪਰਿਵਾਰ ਹਮਦਰਦੀ ਦੇ ਇਸ gesture ਨਾਲ ਪਿਆਰ ਵਿੱਚ ਲਪੇਟਿਆ ਗਿਆ। ਗੁਰੂ ਪਿਆਰਿਆਂ ਨੇ ਗੁਰਬਾਣੀ ਦੇ ਆਧਾਰ ਤੇ ਜੀਵਨ ਮੌਤ ਦੀ ਗੱਲ ਸਮਝਾਂਦਿਆਂ ਕਿਹਾ- "ਆਪਕਾ ਬੇਟਾ ਨਹੀਂ ਮਰਾ, ਉਸਕਾ ਸ਼ਰੀਰ ਚਲਾ ਗਇਆ ਹੈ, ਹਮ ਆਪਕੇ ਬੇਟੇ ਕੋ ਮਿਲਨੇ ਆਏ ਹੈਂ, ਆਪ ਸਭੋਂ ਮੇਂ ਹਮੇਂ ਉਸਕਾ ਰੂਪ ਦਿਖਾਈ ਦੇ ਰਹਾ ਹੈ। ਅਬ ਆਪ ਪ੍ਰਭੂ ਕੀ ਯਾਦ ਦੁਆਰਾ ਉਸਕੋ ਯਾਦ ਕਰੇਂ, ਆਪਕਾ ਪਿਆਰ ਉਸਕੋ ਪਹੁੰਚੇਗਾ, ਉਸਕੀ ਆਤਮਾ ਭੀ ਸ਼ਾਂਤ ਰਹੇਗੀ ਔਰ ਆਪਕਾ ਮਨ ਭੀ ਸ਼ਾਂਤੀ ਮੇਂ ਆ ਜਾਏਗਾ। ਰੋਨੇ ਔਰ ਚਿੰਤਾ ਕਰਨੇ ਸੇ ਕੁਛ ਲਾਭ ਨ ਹੋਗਾ, ਪ੍ਰਭੂ ਕੀ ਆਗਿਆ ਕੋ ਖੁਸ਼ੀ-ਖੁਸ਼ੀ ਮਾਨ ਲੇਨੇ ਮੇਂ ਹੀ ਹਮਾਰਾ ਭਲਾ ਹੈ ਕਿਉਂਕਿ ਪ੍ਰਭੂ ਨੇ ਜੋ ਕੁਛ ਭੀ ਕੀਆ ਹੈ, ਹਮਾਰੇ ਹਿਤ ਮੇਂ ਹੈ, ਇਸਕਾ ਯਕੀਨ ਕਰੇਂ। ਉਸਕੀ ਆਗਿਆ ਮਾਨ ਲੇਨੇ ਪਰ, ਆਪਕੀ ਜ਼ਿੰਦਗੀ ਮੇਂ ਬੇਟੇ ਕੀ ਮੌਤ ਕੇ ਕਾਰਨ ਆਈ ਕਮੀ ਕੋ ਦਇਆਲੂ ਪ੍ਰਭੂ ਚੌਗੁਨਾ ਭਰ ਦੇਗਾ।" ਸੁਭਾਵਿਕ ਸੀ, ਨਾਮ ਦੀ ਮਰਹਮ ਲਗਣ ਨਾਲ ਦੁਖੀ ਹਿਰਦਿਆਂ ਦਾ ਦਰਦ ਘਟਿਆ, ਰੋਂਦੀਆਂ ਅੱਖਾਂ ਦੇ ਅਥਰੂ ਥਮ ਗਏ,

ਉਦਾਸ ਚੇਹਰਿਆਂ ਤੇ ਮੁਸਕੁਰਾਹਟ ਆ ਗਈ। ਦੁਖੀਆਂ ਨੂੰ ਖੁਸ਼ ਵੇਖ ਸਿੱਖ ਵੀ ਖੁਸ਼ ਹੋਏ ਤੇ ਆਪਣੇ ਗੁਰੂ ਤੋਂ ਬਲਿਹਾਰ ਜਾਣ ਲੱਗੇ ਜਿਸ ਉਨ੍ਹਾਂ ਨੂੰ ਇਹ ਸੋਝੀ ਬਖਸ਼ੀ ਕਿ ਤੁਸੀ ਠੰਢ (ਨਾਮ ਠੰਢ) ਦੇ ਵਪਾਰੀ ਹੋ, ਇਸਦਾ ਵਪਾਰ ਕਰਦੇ ਜਾਓ 24 ਘੰਟੇ, ਇਹੀ ਨਾਮ ਜਪਣਾ ਹੈ, ਇਹੀ ਸਿਮਰਨ ਹੈ, ਇਹੀ ਸਿੱਖੀ ਜੀਵਨ ਜਾਚ ਹੈ।

ਸਤਿਸੰਗ ਦੌਰਾਨ ਇੱਕ ਦਿਨ ਖ਼ਬਰ ਆਈ ਕਿ ਇੱਕ ਸਤਿਸੰਗੀ ਸਿੱਖ ਦੇ ਮਿਤ੍ਰ ਬਿਹਾਰੀ ਪਰਿਵਾਰ ਦੀ ਮਾਤਾ ਦੀ ਮੌਤ ਹੋ ਗਈ ਹੈ। ਪਿਛਲੇ ਕਈ ਵਰ੍ਹਿਆਂ ਤੋਂ ਇਹ ਪਰਿਵਾਰ ਪਾਗਲਾਂ ਦੀ ਟੋਲੀ ਨੂੰ ਜਾਣਦਾ ਸੀ ਤੇ ਉਨ੍ਹਾਂ ਨੂੰ ਪਤਾ ਸੀ ਕਿ ਜਿੱਥੇ ਕਿਤੇ ਵੀ ਹਨੇਰਾ ਹੋਵੇ (ਹਿਰਦੇ ਅੰਦਰ ਅਗਿਆਨਤਾ ਦਾ) ਇਹ ਉੱਥੇ ਗਿਆਨ ਦਾ ਦੀਵਾ ਬਾਲਦੇ ਹਨ, ਜਿੱਥੇ ਕਿਤੇ ਵੀ ਸਿਦਕ ਡੋਲ ਗਿਆ ਹੋਵੇ ਉਸਨੂੰ ਮੁੜ ਪੱਕਾ ਕਰਨ ਪਹੁੰਚਦੇ ਹਨ। ਅੰਮ੍ਰਿਤ ਵੇਲੇ ਪ੍ਰਭੂ ਦੇ ਗੀਤ ਗਾ ਕੇ ਪਹੁੰਚ ਗਏ ਖਾਲਸੇ ਉਨ੍ਹਾਂ ਦੇ ਘਰ। ਗੁਰੂ ਗਿਆਨ ਦੀ ਰੋਸ਼ਨੀ ਨਾਲ ਹਨੇਰਾ ਦੂਰ ਕੀਤਾ ਤੇ ਨਾਮ ਦੀ ਗੱਲ ਸਮਝਾ ਕੇ ਸਿਦਕ ਮੁੜ ਪੱਕਾ ਕਰਨ ਦੀ ਪ੍ਰੇਰਣਾ ਦਿੱਤੀ ਤੇ ਕਿਹਾ, ਪ੍ਰਭੂ ਅਨੰਦ ਦਾ ਸਾਗਰ ਹੈ ਉਸ ਨਾਲ ਸੰਬੰਧ ਜੋੜ ਕੇ ਅਸੀਂ ਹਰ ਗਲ ਤੇ ਹਰ ਕਾਲ ਅੰਦਰ ਅਨੰਦਿਤ ਰਹਿ ਸਕਦੇ ਹਾਂ, ਪਰ ਇਸ ਅਨੰਦ ਨੂੰ ਪ੍ਰਾਪਤ ਕਰਨ ਲਈ ਇਹ ਕਰਨਾ ਪਵੇਗਾ:

1) ਨਿੰਦਾ ਚੁਗਲੀ ਛੱਡਣੀ ਪਵੇਗੀ।
2) ਬੁਰੀ ਸੰਗਤ ਤਿਆਗ ਪ੍ਰਭੂ ਪਿਆਰਿਆਂ ਦੀ ਸੰਗਤ ਅਪਨਾਣੀ ਪਵੇਗੀ।
3) ਝੂਠੀ ਮੋਹ-ਮਮਤਾ ਤੋਂ ਕਿਨਾਰਾ ਕਰਨਾ ਪਵੇਗਾ।
4) ਬਾਕੀ ਸਾਰੇ ਸਹਾਰੇ ਛੱਡ ਇੱਕੋ ਸੱਚੇ ਪ੍ਰਭੂ ਦਾ ਸਹਾਰਾ ਲੈਣਾ ਪਵੇਗਾ।
5) ਹਰ ਹਾਲ ਵਿੱਚ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਪਵੇਗਾ।
6) ਪ੍ਰਭੂ ਜੋ ਕਰੇ ਉਸਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਪਵੇਗਾ ਕਿਉਂਕਿ ਉਹ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰਦਾ, ਭਾਵੇਂ ਸਾਡੀ ਸਮਝ 'ਚ ਨਾ ਆਵੇ ਕਿ ਸਾਡੇ ਨਿਕਟਵਰਤੀ ਦੀ ਮੌਤ ਵਿੱਚ ਸਾਡਾ ਕੀ ਭਲਾ ਹੋ ਸਕਦਾ ਹੈ।
7) ਦੀਨ-ਦੁਨੀਆਂ ਦਾ ਦੁਖ ਮਿਟਾਣ ਦਾ ਸ਼ੌਂਕ ਪੈਦਾ ਕਰਨਾ ਪਵੇਗਾ।
8) ਬਗੈਰ ਕਿਸੇ ਵਿਤਕਰੇ ਦੇ, ਨਿਸ਼ਕਾਮ ਭਾਵਨਾ ਨਾਲ ਸਾਰਿਆਂ ਦੀ ਸੇਵਾ ਕਰਨੀ ਪਵੇਗੀ।
9) ਹੰਕਾਰ ਤੇ ਪਾਖੰਡ ਤੋਂ ਦੂਰ ਰਹਿਣਾ ਪਵੇਗਾ।
10) ਸਰਬੱਤ ਦੇ ਭਲੇ ਦੀ ਹਰ ਵੇਲੇ ਚਾਹਤ ਰੱਖਣੀ ਪਵੇਗੀ।

ਸਾਰਾ ਪਰਿਵਾਰ ਤੇ ਉੱਥੇ ਮੌਜੂਦ ਇੱਕ ਬੰਗਾਲੀ lady ਖੁਸ਼ ਹੋਏ ਅਨੰਦ ਰੂਪ ਪ੍ਰਭੂ ਦੀਆ ਬਾਤਾਂ ਸੁਣ ਕੇ। ਦੁਖੀ ਹਿਰਦਿਆਂ ਦੀ ਤਪਸ਼ ਸ਼ਾਂਤ ਹੋਈ ਨਾਮ ਜਲ ਦੀ ਸਿੰਜਣਾ ਨਾਲ। ਉਨ੍ਹਾਂ ਦਾ ਬੇਟਾ ਕਹਿਣ ਲੱਗਾ- "ਆਪਨੇ ਸਾਨੂੰ ਬੜਾ ਸਹਾਰਾ ਦਿੱਤਾ ਹੈ, ਸਾਡੇ ਡਿਗਦੇ-ਡੋਲਦੇ ਮਨਾਂ ਨੂੰ ਟਿਕਾਣਾ ਲਭ ਪਇਆ ਹੈ, ਅਸੀਂ ਆਪ ਸਾਰਿਆਂ ਦੇ ਧੰਨਵਾਦੀ ਹਾਂ।" ਸਿੱਖ ਕਹਿਣ ਲੱਗੇ- "ਬਸ ਨਿਰੰਤਰ ਪ੍ਰਭੂ ਦੀ ਯਾਦ ਬਣਾਈ ਰੱਖੋ, ਕਦੇ ਮਾਤਾ ਜੀ ਦੇ ਜਾਣ ਦਾ ਦੁੱਖ ਮਹਿਸੂਸ ਨਹੀਂ ਹੋਵੇਗਾ, ਭਾਵੇਂ ਦੁਨਿਆਵੀ ਹਿਸਾਬ ਨਾਲ ਇਹ ਭਾਰਾ ਸੰਕਟ ਹੈ।"

ਪ੍ਰਭੂ ਦੀ ਖੇਡ ਬੜੀ ਅਜੀਬ ਹੈ, ਪਰ ਗੁਰੂ ਤੋਂ ਪ੍ਰਾਪਤ ਸੋਝੀ ਨਾਲ ਸਿੱਖ ਇਸ ਖੇਡ ਨੂੰ ਸਮਝ ਲੈਂਦਾ ਹੈ। ਫਿਰ ਗੁਰੂ ਹੁਕਮਾਂ ਤੇ ਚਲ ਕੇ ਅੰਦਰ ਉਹ ਤਾਕਤ ਪੈਦਾ ਹੋ ਜਾਂਦੀ ਹੈ ਕਿ ਉਹ ਸਾਰੀ ਲੁਕਾਈ ਦਾ ਭਾਈਵਾਲ ਬਣ ਕੇ ਸਾਰਿਆਂ ਦਾ ਬੋਝ ਹਲਕਾ ਕਰ ਸਕੇ। ਇੱਥੇ ਇੱਕ ਬੰਗਾਲੀ ਪਰਿਵਾਰ ਤੇ ਦੁੱਖਾਂ ਦਾ ਪਹਾੜ ਟੁੱਟ ਪਇਆ ਜਦੋਂ ਪਰਿਵਾਰ ਦੇ ਮੁਖੀ (retired railway employer) ਦੀ ਕੈਂਸਰ ਦੀ ਬੀਮਾਰੀ ਨਾਲ ਮੌਤ ਹੋ ਗਈ। ਤਿੰਨ ਜਵਾਨ ਬੇਟੀਆਂ ਤੇ ਬੁੱਢੀ ਮਾਂ, ਹੋਰ ਕੋਈ ਸਹਾਰਾ ਨਹੀਂ। ਹੋਰ ਬਦਕਿਸਮਤੀ ਵੇਖੋ, ਵੱਡੀ ਲੜਕੀ (B.Sc. B.Ed.) ਦੀ ਅੱਖਾਂ ਦੀ ਰੋਸ਼ਨੀ ਚਲੀ ਗਈ ਹੈ, ਦੂਸਰੀ (B.Sc.) ਕਿਸੇ ਸਕੂਲ ਵਿੱਚ temporary teacher ਦੀ ਛੋਟੀ-ਮੋਟੀ ਨੌਕਰੀ ਕਰਦੀ ਹੈ ਤੇ ਤੀਸਰੀ (I.Sc.) ਵੀ blind ਹੋਂਦੀ ਜਾ ਰਹੀ ਹੈ। ਅੱਖਾਂ ਦੀ ਰੋਸ਼ਨੀ ਘਟਦੀ ਜਾ ਰਹੀ ਹੈ। ਕੁਝ ਚਿਰ ਪਹਿਲਾਂ ਇੱਕ ਸਿੱਖ ਉਨ੍ਹਾਂ ਦੇ ਸੰਪਰਕ ਵਿੱਚ ਆਇਆ, ਉਨ੍ਹਾਂ ਨਾਲ ਪ੍ਰਭੂ ਦੀ ਵਡਿਆਈ ਪਛਾਣਨ ਤੇ ਉਸਦਾ ਭਾਣਾ ਮੰਨਣ ਦੀ ਗੁਰਮਤ ਸਲਾਹ ਸਾਂਝੀ ਕੀਤੀ, ਲੋੜ ਪੈਣ ਤੇ ਉਨ੍ਹਾਂ ਦੀ ਮਦਦ ਕਰੇ ਤੇ ਪ੍ਰਭੂ ਦਾ ਸ਼ੁਕਰਾਨਾ ਕਰਿਆ ਕਰੇ ਇਹ ਸੇਵਾ-ਕਾਰਜ ਦਾ ਸੁਭਾਗ ਬਖਸ਼ਣ ਲਈ। ਇੱਕ ਦਿਨ ਤਿੰਨ-ਚਾਰ ਸਤਿਸੰਗੀ

ਇਸ ਪਰਿਵਾਰ ਨੂੰ ਮਿਲਣ ਪਹੁੰਚ ਗਏ ਤੇ ਉਨ੍ਹਾਂ ਨਾਲ ਪ੍ਰਭੂ ਦਾ ਪਿਆਰ ਵੰਡਿਆ। ਕਿਆ ਸ਼ਾਨ ਹੈ ਸਾਡੇ ਗੁਰੂ ਦੀ ਕਿ ਜਦੋਂ ਸਿੱਖ ਨਿਸ਼ਕਾਮ ਭਾਵਨਾ ਨਾਲ ਗੁਰੂ ਦਾ ਕੀੜਾ ਬਣ ਕੇ ਸਾਰਿਆਂ ਨੂੰ ਪਿਆਰ ਕਰਦਾ ਹੈ ਤਾਂ ਜਾਤ, ਧਰਮ, ਪ੍ਰਾਂਤ-ਬੋਲੀ... ਸਾਰੀਆਂ ਹਦਬੰਦੀਆਂ ਤੋੜ ਇਹ ਪਿਆਰ ਪਹੁੰਚ ਜਾਂਦਾ ਹੈ ਅਗਲੇ ਕੋਲ ਤੇ ਉਹ ਹੈਰਾਨ ਰਹਿ ਜਾਂਦਾ ਹੈ ਕਿ ਐਸੇ ਲੋਗ ਵੀ ਇਸ ਧਰਤੀ ਤੇ ਮੌਜੂਦ ਹਨ। ਬਲਿਹਾਰ ਜਾਈਏ, ਦਿਉਹਾੜੀ ਸਦ ਵਾਰ ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ, ਜਿਨ੍ਹਾਂ ਅਕਾਲ ਪੁਰਖ ਦੀ ਫੌਜ ਸਾਜੀ ਖਾਲਸੇ ਦੇ ਰੂਪ ਵਿੱਚ। ਸੁਭਾਵਿਕ ਹੈ, ਅਕਾਲ ਪੁਰਖ ਦੀ ਫੌਜ ਦਾ ਸਿਪਾਹੀ ਹੋਣ ਦਾ ਚਾਹਵਾਨ ਖਾਲਸਾ ਜਿਧਰ ਵੀ ਜਾਏਗਾ, ਦੁੱਖਾਂ, ਕਲੇਸ਼ਾਂ, ਘਿਰਣਾ, ਨਿੰਦਾ-ਬੁਰਿਆਈ-ਜੁਲਮ-ਧੱਕੇ ਦੀਆਂ ਫੌਜਾਂ ਦਾ ਟਾਕਰਾ ਕਰਕੇ ਉਨ੍ਹਾਂ ਤੇ ਜਿੱਤ ਪ੍ਰਾਪਤ ਕਰੇਗਾ ਤੇ ਲੋਕ ਖਾਲਸੇ ਦੇ ਜੌਹਰ ਵੇਖ-ਵੇਖ ਹੈਰਾਨ ਰਹਿ ਜਾਂਦੇ ਹਨ।

ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੇ ਖਾਲਸੇ ਅੰਦਰ ਸਮੁੰਦਰ ਵਰਗੀ ਵਿਸ਼ਾਲਤਾ ਭਰੀ ਹੈ ਅਤੇ ਹਵਾ ਤੇ ਸੂਰਜ ਵਰਗੀ ਸਮਦ੍ਰਿਸ਼ਟੀ ਪਾਈ ਹੈ। ਅੰਮ੍ਰਿਤ ਛਕ ਪੰਜ ਕਕਾਰ ਸਜਾ ਕੇ ਖਾਲਸਾ ਸਭ ਤੋਂ ਨਿਆਰਾ ਬਣ ਜਾਂਦਾ ਹੈ ਤੇ ਉਸਦਾ ਇਹ ਨਿਆਰਾਪਨ ਝਲਕਦਾ ਹੈ ਸਾਰੀ ਲੁਕਾਈ ਨੂੰ ਇੱਕੋ ਪ੍ਰਭੂ ਦੀ ਸੰਤਾਨ ਸਮਝ ਸਭ ਨਾਲ ਪਿਆਰ ਕਰਨ ਵਿੱਚ। ਖਾਲਸੇ ਦੀ ਰਹਿਤ ਅੰਮ੍ਰਿਤਧਾਰੀ ਸਿੰਘ ਨੂੰ ਪ੍ਰੇਰਦੀ ਹੈ ਕਿ ਉਸਨੇ ਸਭ ਨੂੰ ਆਪਣਾ ਬਣਾਉਣਾ ਹੈ। ਭਾਵੇਂ ਕੋਈ ਕਿਸੇ ਵੀ ਜਾਤ, ਧਰਮ, ਨਸਲ, ਵਰਣ, ਮਜਹਬ, ਦੇਸ਼, ਪ੍ਰਾਂਤ, ਬੋਲੀ ਵਾਲਾ ਕਿਉਂ ਨਾ ਹੋਵੇ। ਰਾਧਾਸੁਆਮੀ ਮਤ ਨੂੰ ਮੰਨਣ ਵਾਲੀ ਇੱਕ ਬੇਟੀ ਕਿਸੇ ਸਿੱਖ ਨਾਲ ਕੁਝ ਸਮੇਂ ਤੋਂ ਸਤਿਸੰਗ ਕਰਿਆ ਕਰਦੀ ਸੀ। ਉਨ੍ਹਾਂ ਦੇ ਸਤਿਸੰਗੀ ਦੀ ਸਾਂਝ ਹੋਰ ਪੱਕੀ ਹੋਈ ਇਸ ਸਤਿਸੰਗ ਦੌਰਾਨ। ਉਹ ਬੇਟੀ ਰੋਜ਼ ਅੰਮ੍ਰਿਤ ਵੇਲੇ ਸਤਿਸੰਗ ਵਿੱਚ ਆਇਆ ਕਰੇ ਪਾਗਲਾਂ ਨੂੰ ਗੁਰੂ ਪਿਆਰ ਅੰਦਰ ਗੜੂੰਦ ਵੇਖਣ ਤੇ ਉਨ੍ਹਾਂ ਨਾਲ ਰਲ ਕੇ ਪ੍ਰਭੂ ਦੇ ਗੀਤ ਗਾਣ। ਉਸ ਬੇਟੀ ਦੀ ਖੁਸ਼ੀ ਤੇ ਹੈਰਾਨੀ ਦੀ ਕੋਈ ਸੀਮਾ ਨਾ ਰਹੀ ਜਦੋਂ ਇਹ ਟੋਲੀ ਅਚਾਨਕ, ਬਗੈਰ ਕਿਸੇ ਇਤਲਾਹ ਦੇ ਉਸਦੇ ਘਰ ਪਹੁੰਚ ਗਈ। ਉਸ ਕਿਹਾ- "ਮੈਂ ਸੋਚ ਹੀ ਰਹੀ ਸੀ ਕਿ ਆਪ ਲੋਗੋਂ ਕੋ ਬੁਲ਼ਾਊਂ, ਸੰਗਤ ਮੇਰੇ ਘਰ ਆਏ, ਪਰ ਆਪ ਲੋਗੋਂ ਨੇ ਤੋ ਕਮਾਲ ਕਰ ਦਿਆ, ਬਿਨਾ ਬੁਲਾਏ ਆ ਗਏ।" ਗੁਰੂ ਪਿਆਰਿਆਂ ਉਸਨੂੰ ਦੱਸਿਆ ਕਿ ਇੱਕ ਵਾਰ ਉਨ੍ਹਾਂ ਬਾਬਾ ਚਰਨ ਸਿੰਘ ਨਾਲ ਮੁਲਾਕਾਤ ਕੀਤੀ ਸੀ, ਜਦੋਂ ਬਾਬਾ ਆਮਟੇ ਨਾਲ ਉਹ ਪੰਜਾਬ ਦਾ ਦੌਰਾ ਕਰ ਰਹੇ ਸਨ, ਤੇ ਪੁੱਛਿਆ ਸੀ- "ਮੈਂ ਆਪਦੇ ਦੋ ਪ੍ਰਵਚਨ ਸੁਣੇ ਹਨ, ਆਪਨੇ ਜੋ ਕੁਝ ਦੱਸਿਆ ਹੈ, ਮੈਂ ਉਹ ਗੁਰੂ ਗ੍ਰੰਥ ਸਾਹਿਬ ਕੋਲੋਂ direct ਸਿੱਖਿਆ ਹੈ ਬਗੈਰ ਕਿਸੇ ਬੰਦੇ ਦਾ ਆਸਰਾ ਲਏ। ਮੇਰੇ ਸ਼ਬਦ ਗੁਰੂ ਨੇ ਮੈਨੂੰ ਪ੍ਰਭੂ ਦੀ ਸੋਝੀ ਬਖਸ਼ੀ ਹੈ, ਮੈਨੂੰ ਕੋਈ ਭਰਮ, ਭੁਲੇਖਾ, ਸ਼ੰਕਾ ਨਹੀਂ, ਕੋਈ ਅਟਕ ਨਹੀਂ, ਪਰ ਆਪ personal ਗੁਰੂ ਦੀ ਲੋੜ ਦੀ ਗੱਲ ਕਰਦੇ ਹੋ, ਐਸਾ ਕਿਉ?" ਚਰਨ ਸਿੰਘ ਜੀ ਨੇ ਬੜੇ ਪਿਆਰ ਨਾਲ ਕਿਹਾ- "ਜਿਨ੍ਹਾਂ ਨੂੰ ਬਾਣੀ ਦੀ ਸਮਝ ਨਾ ਆਵੇ, ਉਨ੍ਹਾਂ ਨੂੰ personal guide ਦੀ ਲੋੜ ਹੈ, ਪਰ ਜਿਸਨੂੰ direct ਗੁਰੂ ਗ੍ਰੰਥ ਸਾਹਿਬ ਕੋਲੋਂ ਧਰਮ ਦੀ ਸਮਝ ਆ ਜਾਂਦੀ ਹੈ, ਉਨ੍ਹਾਂ ਨੂੰ ਵਿਅਕਤੀ ਗੁਰੂ ਦੀ ਕੋਈ ਲੋੜ ਨਹੀਂ।" ਬੜੇ ਪਿਆਰ ਨਾਲ ਸਾਰਿਆਂ ਰਲ ਕੇ ਪ੍ਰਭੂ ਪਿਆਰ ਰੱਜ-ਰੱਜ ਕੇ ਇੱਕ ਦੂਜੇ ਨਾਲ ਸਾਂਝਾ ਕੀਤਾ। ਉੱਥੇ ਘਿਰਣਾ, ਦਵੇਸ਼, ਕੋਈ superior ਤੇ ਕੋਈ inferior ਹੈ, ਦੀ ਕੋਈ ਭਾਵਨਾ ਨਹੀਂ ਸੀ, ਬਸ ਪਿਆਰ ਹੀ ਪਿਆਰ ਨੂੰ ਆਪਣੇ ਆਚਰਣ ਵਿੱਚ ਢਾਲ ਲਵੇ ਤਾਂ ਉਹ ਸਾਰਿਆਂ ਦੇ ਹਿਰਦੇ ਜਿੱਤ ਸਕਦਾ ਹੈ ਤੇ ਉਨ੍ਹਾਂ ਅੰਦਰ ਖਾਲਿਸਤਾਨ ਬਣਾ ਸਕਦਾ ਹੈ।

ਇੱਥੇ ਇੱਕ ਪੰਜਾਬੀ lady ਆਪਣੀ ਬੇਟੀ ਨਾਲ ਕੈਂਸਰ ਹਸਪਤਾਲ ਵਿੱਚ, ਗੁਰੂ ਦੇ ਹੁਕਮ ਅੰਦਰ ਸੇਵਾ ਕਰਨ ਵਾਲੇ ਇੱਕ ਸਿੱਖ ਦੇ ਸੰਪਰਕ ਵਿੱਚ ਆਈ। ਬੇਟੀ M.Sc. (Chemistry) ਕਰ ਰਹੀ ਹੈ ਤੇ ਮਾਂ-ਪਿਉ ਦੀ ਇਕਲੌਤੀ ਸੰਤਾਨ ਹੈ। ਉਸ ਬੀਬੀ ਦੀ ਬੀਮਾਰੀ ਨੇ ਸਾਰੇ ਘਰ ਨੂੰ ਚਿੰਤਾ ਗ੍ਰਸਤ ਕਰ ਦਿੱਤਾ ਹੈ। ਮਾਂ-ਪਿਉ ਚਿੰਤਿਤ ਹਨ ਕਿ ਬੇਟੀ ਦੀ ਸ਼ਾਦੀ ਹੋ ਜਾਏ, ਬੇਟੀ ਪ੍ਰੇਸ਼ਾਨ ਹੈ ਕਿ ਮਾਂ ਚਲੀ ਗਈ ਤਾਂ ਉਸਦਾ ਕੀ ਬਣੇਗਾ? ਪਿਉ ਪ੍ਰੇਸ਼ਾਨ ਹੈ ਕਿ ਪਤਨੀ ਦੇ ਇਲਾਜ ਤੇ ਪਾਣੀ ਵਾਂਗ ਪੈਸਾ ਖਰਚ ਹੋ ਰਿਹਾ ਹੈ, ਫਿਰ ਵੀ ਪਤਾ ਨਹੀਂ ਉਹ ਬਚੇਗੀ ਕਿ ਨਹੀਂ। ਸਿੱਖ ਨੇ ਬੇਟੀ ਨੂੰ ਸਤਿਸੰਗ ਵਿੱਚ ਆਉਣ ਦੀ ਪ੍ਰੇਰਣਾ ਦਿੱਤੀ। 2-3 ਦਿਨ ਉਹ ਆਪ ਆਈ, ਇੱਕ ਦਿਨ ਆਪਣੇ ਪਿਤਾ ਨੂੰ ਨਾਲ ਲਿਆਈ ਤੇ ਫਿਰ ਇੱਕ ਦਿਨ 3-4 ਸਤਿਸੰਗੀ ਉਨ੍ਹਾਂ ਦੇ ਘਰ ਚਲੇ ਗਏ। ਇਹ ਗੱਲ ਦ੍ਰਿੜ ਕਰਨ ਦੀ ਕੋਸ਼ਿਸ਼ ਕੀਤੀ ਕਿ ਪ੍ਰਭੂ ਜੋ ਕਰੇਗਾ ਉਹ ਸਾਡੇ ਲਈ ਸਭ ਤੋਂ ਉਤਮ ਹੋਵੇਗਾ ਕਿਉਂਕਿ ਉਹ ਨਾ ਕੇਵਲ ਕਰਤਾ (Doer) ਹੈ, ਉਹ ਅੰਤਰਜਾਮੀ ਹੈ, ਸਮਰਥ (All Powerful and

All Capable) ਹੈ, ਸਾਡਾ ਮਾਤਾ-ਪਿਤਾ ਹੈ, ਸੱਚਾ ਮਿਤ੍ਰ (Best Friend) ਹੈ, Guide ਹੈ, ਸਭ ਕੁਝ ਜਾਣਦਾ ਹੈ, ਕਦੇ ਕਿਸੇ ਦਾ ਬੁਰਾ ਨਹੀਂ ਕਰਦਾ; ਇਹ ਵੱਖਰੀ ਗੱਲ ਹੈ ਕਿ ਮੋਹ-ਮਮਤਾ ਦੀ ਪੱਟੀ ਹੋਣ ਕਰਕੇ ਸਾਡੀਆਂ ਅੱਖਾਂ ਉਸਦੀ ਕਰਣੀ 'ਚੋਂ ਕਈ ਵਾਰ ਆਪਣਾ ਭਲਾ ਨਹੀਂ ਵੇਖ ਸਕਦੀਆਂ ਤੇ ਅਸੀਂ ਦੁਖੀ ਹੋ ਜਾਂਦੇ ਹਾਂ। ਇਹ ਸਾਡੀ ਭੁੱਲ ਹੈ, ਅਗਿਆਨਤਾ ਹੈ, ਵਹਿਮ ਹੈ, ਭਰਮ ਹੈ ਤੇ ਸਿਦਕ ਦੀ ਘਾਟ (lack of faith) ਅਸੀਂ ਦ੍ਰਿੜ ਕਰੀਏ, ਉਹ ਕਦੇ ਕਿਸੇ ਦਾ ਬੁਰਾ ਨਹੀਂ ਕਰਦਾ, ਸਾਡਾ ਵੀ ਨਹੀਂ ਕਰੇਗਾ, ਸੁ ਅਰਦਾਸ ਕਰੀਏ :

*ਕਰਹੁ ਕ੍ਰਿਪਾ ਭ੍ਰਮ ਚੂਕਈ, ਮੈ ਸੁਮਤਿ ਦੇਹੁ ਸਮਝਾਇ*

(ਪੰਨਾ 346)

ਪਰਿਵਾਰ ਅੰਦਰ ਸੁਖਸਾਗਰ ਪ੍ਰਭੂ ਦੀਆਂ ਗੱਲਾਂ ਨਾਲ ਠੰਢ ਵਰਤੀ ਤੇ ਦੁਖੀ ਹਿਰਦੇ ਸ਼ਾਂਤ ਹੋਏ।

ਸਤਿਸੰਗ ਦੌਰਾਨ ਇੱਕ ਦਿਨ ਗੁਰਸੁਖ ਪਿਆਰਿਆਂ ਦੇ ਅੰਮ੍ਰਿਤ ਦਿਵਸ ਦੀ ਯਾਦ ਵਿੱਚ ਰੰਗ ਲਗ ਗਏ। 2:30 ਵਜੇ (ਅੰਮ੍ਰਿਤ ਵੇਲੇ) ਅੱਖਾਂ ਖੁਲ੍ਹਦਿਆਂ ਸਾਰ ਹੀ ਸਿੱਖ ਚੀਖ ਉਠਿਆ- ਗੁਰ ਉਪਕਾਰਾਂ ਨੂੰ ਯਾਦ ਕਰਕੇ ਕਿ :

*ਮੋਹਿ ਅਨਾਥ ਗਰੀਬ ਨਿਮਾਨੀ* *(ਪੰਨਾ 394)*

ਪਰ ਕਿਵੇਂ

*ਕੰਤ ਪਕਰਿ ਹਮ ਕੀਨੀ ਰਾਨੀ* *(ਪੰਨਾ 394)*

*ਦੇਖਹੁ ਅਚਰਜ ਭਇਆ* *(ਪੰਨਾ 612)*

ਸਤਿਸੰਗ ਦੌਰਾਨ ਅੰਮ੍ਰਿਤ ਦੀ concept ਤੇ ਡੂੰਘੀਆਂ ਵਿਚਾਰਾਂ ਪੇਸ਼ ਕੀਤੀਆਂ ਗਈਆਂ, ਨਾਮ ਅੰਮ੍ਰਿਤ ਨੂੰ ਆਧਾਰ ਬਣਾ ਕੇ :

*ਜਿਨਾ ਅੰਦਰਿ ਨਾਮੁ ਨਿਧਾਨੁ ਹੈ, ਗੁਰਬਾਣੀ ਵੀਚਾਰਿ॥*
*ਤਿਨ ਕੇ ਮੁਖ ਸਦ ਉਜਲੇ, ਤਿਤੁ ਸਚੈ ਦਰਬਾਰਿ॥*

(ਪੰਨਾ 1422)

*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥*
*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥*

(ਪੰਨਾ 1238)

*ਅੰਮ੍ਰਿਤ ਨਾਮ ਨਿਧਾਨ ਹੈ, ਮਿਲਿ ਪੀਵਹੁ ਭਾਈ॥* (ਪੰਨਾ 318)

*ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ॥*
*ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥*

(ਆਸਾ ਦੀ ਵਾਰ, ਛੰਤ 4)

*ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ॥*

(ਪੰਨਾ 1238)

*ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥*
*ਮਨੁ ਪੀਵੈ ਸੁਨਿ ਸਬਦੁ ਬੀਚਾਰਾ॥*

(ਪੰਨਾ 102)

ਨਾਮ ਅੰਮ੍ਰਿਤ ਪ੍ਰਗਟ ਹੁੰਦਾ ਹੈ, ਗੁਰੂ ਦੀ ਗੁਲਾਮੀ 'ਚੋਂ-

*ਨਾਮੁ ਅਮੋਲਕ ਰਤਨੁ ਹੈ ਪੂਰੇ ਸਤਿਗੁਰ ਪਾਸਿ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥*

(ਪੰਨਾ 40)

*ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ॥*
*ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ॥*

(ਪੰਨਾ 52)

ਸਿੱਖ ਪਹਿਲਾਂ ਨਾਮ ਅੰਮ੍ਰਿਤ ਛਕਦਾ ਹੈ। ਅੰਮ੍ਰਿਤ ਵੇਲੇ ਗੁਰਬਾਣੀ ਦੀ ਵੀਚਾਰ ਕਰਕੇ ਤੇ ਫਿਰ ਸਿੱਖ ਉਨ੍ਹਾਂ ਹੁਕਮਾਂ ਤੇ ਜ਼ਿੰਦਗੀ ਢਾਲ ਕੇ ਆਪਣੇ ਆਪ ਨੂੰ ਤਿਆਰ ਕਰਦਾ ਹੈ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਲਈ ਜੋ ਉਸਨੂੰ ਮੌਤ ਦੇ ਡਰ ਤੋਂ ਮੁਕਤ ਕਰ ਦੇਂਦਾ ਹੈ। ਉਹ ਯਾਦ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿਰ ਭੇਂਟ ਕਰਨ ਵਾਲਿਆਂ ਨੂੰ ਖੰਡੇ ਦੀ ਪਾਹੁਲ ਬਖਸ਼ੀ ਸੀ। ਜੇ ਅੰਦਰ ਨਾਮ ਦਾ ਅੰਮ੍ਰਿਤ ਨਹੀਂ, ਅੰਦਰ ਪ੍ਰਭੂ ਪਿਆਰ ਨਹੀਂ, ਸਰਬੱਤ ਦੇ ਭਲੇ ਦੀ ਭਾਵਨਾ ਨਹੀਂ, ਦੀਨ-ਦੁਨੀਆਂ ਦੀ ਸੇਵਾ ਦਾ ਚਾਅ ਨਹੀਂ ਤਾਂ ਕੇਵਲ ਬਾਹਰਲਾ ਅੰਮ੍ਰਿਤ ਭੇਖ ਬਣ ਕੇ ਰਹਿ ਜਾਂਦਾ ਹੈ। ਅੰਮ੍ਰਿਤ ਛਕ ਕੇ ਵੀ ਮੈਂ ਪਾਖੰਡੀ ਹਾਂ (ਅਰਥਾਤ ਬਿਪਰਨ ਦੀ ਰੀਤ, ਅੰਦਰੋ ਹੋਰ-ਬਾਹਰੋਂ ਹੋਰ, ਦਾ ਧਾਰਨੀ ਹਾਂ) ਕਿਉਂਕਿ ਮੇਰੇ ਕਕਾਰ ਜਿਸ ਸੱਚੇ-ਸੁੱਚੇ ਜੀਵਨ ਦੇ ਪ੍ਰਤੀਕ ਹਨ, ਉਹ ਮੇਰੇ ਅੰਦਰ ਨਹੀਂ, ਇਸ ਲਈ ਮੈਂ ਭੇਖੀ ਸਿੱਖ ਹਾਂ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੇਰੀ ਬਾਂਹ ਛੱਡ ਦਿੱਤੀ ਹੈ:

*ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥*

(ਸਰਬ ਲੋਹ ਗ੍ਰੰਥ)

ਗੁਰਮੁਖ ਪਿਆਰਿਆਂ ਨੇ ਰੋ-ਰੋ ਅਰਦਾਸਾਂ ਕੀਤੀਆਂ ਆਪਣੇ ਲਈ ਤੇ ਸਾਨੂੰ ਵੀ ਉਸ ਮਾਰਗ ਤੇ ਚਲਨ ਦੀ ਪ੍ਰੇਰਣਾ ਮਿਲੀ :

*ਆਜ ਮੇਰੀ ਸਾਲ ਗਿਰਹ ਹੈ ਰਹਿਮਤ ਕਰ ਦੋ।*
*ਮੇਰੀ ਕਿਸਮਤ ਮੇਂ ਸ਼ਹੀਦੀ ਕਾ ਵਰਦਾਨ ਲਿਖ ਦੋ।*

ਗੁਰੂ ਗੋਬਿੰਦ ਸਿੰਘ ਜੀ ਅੱਗੇ ਉਨ੍ਹਾਂ ਜੋਦੜੀ ਕੀਤੀ :

*ਤੂੰ ਮੇਰਾ ਪਿਤਾ ਅਖਵਾਂਦਾ ਹੈ, ਮੈਂ ਤੇਰਾ ਪੁਤ ਕਹਲਾਂਦਾ ਹਾਂ।*

ਕਦੇ ਪਿਉ ਵੀ ਵਿਤਕਰੇ ਕਰਦੇ ਨੇ, ਮੈਂ ਉਹੀਓ ਕੁਝ ਹੀ ਲੈਣਾ ਹੈ। ਜੋ ਦਿੱਤਾ ਅਜੀਤ ਜੁਝਾਰ ਨੂੰ ਹੈ।

ਇੱਕ ਦਿਨ ਅੰਮ੍ਰਿਤ ਵੇਲੇ ਸਾਹਿਬਜਾਦਿਆਂ ਤੇ ਹੋਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਇਹ ਜੋਦੜੀਆਂ ਕੀਤੀਆਂ :

*ਮੇਰੇ ਪਿਆਰਿਉ ਪਿਆਰਿਉ ਵੀਰੋ, ਮੇਰੀ ਵੀ ਥਾਂ ਬਣਾਉ।*

...............

*ਮੇਰੀ ਪਿਆਰੀਉ ਪਿਆਰੀਉ ਭੈਣੋ, ਮੋਹ ਮਮਤਾ ਤੁਸੀਂ ਨਾ ਜਾਣੋ।*
*ਬਚੜੇ ਤੁਸਾਂ ਕੁਹਾਏ, ਝੋਲੀ ਵਿੱਚ ਡਕਰੇ ਪੁਆਏ।*
*ਸਿੱਖੀ ਤੁਸਾਂ ਕਮਾਈ, ਗੁਰਸਿੱਖੀ ਤੁਸਾਂ ਨਿਭਾਈ।*

.............

ਚਮਕੌਰ ਕੇ ਮੈਦਾਨ ਸੇ ਸੰਦੇਸ਼ ਹੈ ਆਇਆ। ਸਰਹੰਦ ਕੀ ਦੀਵਾਰੋਂ ਨੇ ਹੈ ਮੁਝਕੋ ਬੁਲਾਇਆ। ਮਤੀਦਾਸ ਕੇ ਆਰੇ ਨੇ ਮੁਝਕੋ ਲਲਕਾਰਾ। ਭਾਈ ਦਇਆਲੇ ਕੀ ਦੇਗ ਨੇ ਮੁਝਕੋ ਹੈ ਪੁਕਾਰਾ। ਸਤੀਦਾਸ ਕੀ ਰਜਾਈ ਮੁਝਕੋ ਸਬਕ ਸਿਖਾਏ। ਸੀਸ ਜਾਏ ਤੋ ਬੇਸ਼ਕ ਜਾਏ ਪਰ ਸਿਦਕ ਨਾ ਜਾਏ। ਕਬ ਹੋਗੀ ਪੂਰੀ ਆਰਜ਼ੂ ਮੁਝਕੋ ਬਤਲਾਉ। ਕਬ ਉਬਾਲਾ ਜਾਉਂਗਾ ਮੁਝਕੋ ਸਮਝਾਉ। ਮੇਰੇ ਤਨ ਕੋ ਆਰੋਂ ਕਾ ਕਬ ਪਿਆਰ ਮਿਲੇਗਾ। ਚਰਖੜੀਉਂ ਪੇ ਚੜ੍ਹ ਜਾਨੇ ਕਾ ਕਬ ਅਉਸਰ ਮਿਲੇਗਾ ਤੇ ਇਹ ਦ੍ਰਿੜ ਕਰਾਇਆ ਕਿ ਉਹ ਸਿੱਖ ਨਹੀਂ ਜਿਸਨੂੰ ਸ਼ਹੀਦੀ ਦਾ ਚਾਅ ਨਹੀਂ ਕਿਉਂਕਿ ਉਸਦਾ ਸਿਲੇਬਸ ਇਹ ਹੈ :

*ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

(ਪੰਨਾ 1412)

*ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ॥*
*ਅਰੁ ਸਿਖ ਹੋ ਅਪਨੇ ਹੀ ਮਨ ਕੌ, ਇਹ ਲਾਲਚ ਹਉ ਗੁਨ ਤਉ ਉਚਰੋਂ॥*

*ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਨ ਮੈਂ ਤਬ ਜੂਝ ਮਰੋਂ॥*

(ਗੁਰੂ ਗੋਬਿੰਦ ਸਿੰਘ)

ਇਹ ਸਨ ਕੁਝ ਝਲਕੀਆਂ ਉਸ ਸਤਿਸੰਗ ਦੀਆਂ ਜੋ ਪ੍ਰਭੂ ਦੀ ਅਪਾਰ ਬਖਸ਼ਿਸ ਦਾ ਸਦਕਾ ਪ੍ਰਾਪਤ ਹੋਇਆ ਕਿਉਂਕਿ ਭਾਗਾਂ ਬਗੈਰ ਸਤਿਸੰਗ ਨਹੀਂ ਮਿਲਦਾ ਤੇ ਜਦੋਂ ਵੀ ਅਸੀਂ ਸਤਿਸੰਗ ਤੋਂ ਦੂਰ ਹੁੰਦੇ ਹਾਂ, ਸਾਡੇ ਮਨ ਤੇ ਮੈਲ ਲਗਦੀ ਹੈ। ਸਤਿਸੰਗ ਉਹ ਸਕੂਲ ਹੈ ਜਿੱਥੇ ਪ੍ਰਭੂ ਦੀ ਪੜ੍ਹਾਈ ਸਿਖਾਈ ਜਾਂਦੀ ਹੈ ਸ਼ਬਦ ਗੁਰੂ ਦੀ ਵੀਚਾਰ ਦੁਆਰਾ। ਪ੍ਰਭੂ ਦੀ ਵਡਿਆਈ ਤੇ ਉਸਦੀ ਰੋਸ਼ਨੀ ਅੰਦਰ ਆਪਣੀ ਨੀਚਤਾ ਵੇਖ-ਵੇਖ ਕੇ ਮਨ ਪਹਿਲਾਂ humble ਤੇ ਫਿਰ ਨਿਰਮਲ ਹੋਣਾ ਸ਼ੁਰੂ ਹੁੰਦਾ ਹੈ। ਸਿੱਖ ਦੂਜਿਆਂ ਦੇ ਨੁਕਸ ਦੇਖਣ ਦੀ ਬਜਾਇ ਆਪਣੇ ਅਉਗੁਣਾਂ ਤੇ concentrate ਕਰਨਾ ਸ਼ੁਰੂ ਕਰਦਾ ਹੈ। ਇਹ ਪ੍ਰਯਾਸ ਕਰਦਿਆਂ ਹੀ ਉਸ ਅੰਦਰ ਪ੍ਰਭੂ ਦੀ ਰਹਿਮਤ ਪ੍ਰੇਵਸ਼ ਕਰਨ ਲਗਦੀ ਹੈ, ਉਹ ਆਪਣੀ ਮੈਲ ਤੋਂ ਵਾਕਿਫ ਹੋ ਕੇ ਹੋਰ ਸ਼ਰਮਿੰਦਾ ਹੁੰਦਾ ਹੈ, "ਹੋਹ ਨਿਮਾਣੀ ਢਹਿ ਪਵਾਂ" ਅਨੁਸਾਰ ਪੂਰਨ ਦੀਨਤਾ ਤੇ ਸੰਪੂਰਨ ਗੁਣਹੀਨਤਾ ਦੀ ਭਾਵਨਾ ਨਾਲ ਪ੍ਰਭੂ ਅੱਗੇ ਢਹਿ ਪੈਂਦਾ ਹੈ।

*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ*

(ਪੰਨਾ 713)

ਪਤਿਤ ਪਾਵਨ, ਕਿਰਪਾ ਨਿਧਾਨ, ਦਇਆਲੂ, ਪ੍ਰਭੂ ਸਿੱਖ ਦੇ ਅਉਗਣ ਨਹੀਂ ਚਿਤਾਰਦੇ :

*ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸ ਤੇਤੇ*

(ਪੰਨਾ 478)

ਬਸ ਗਲੇ ਲਗਾ ਲੈਂਦੇ ਹਨ। ਪ੍ਰਭੂ ਦੀ ਦਇਆਲਤਾ ਤੇ ਕਿਰਪਾਲਤਾ ਵੇਖ ਸਿੱਖ ਹੈਰਾਨ ਰਹਿ ਜਾਂਦਾ ਹੈ। ਫਿਰ ਗੁਰ ਸ਼ਬਦ ਤੇ ਚਲਦਿਆਂ, ਅਮਲੀ ਜੀਵਨ ਬਣਾ ਕੇ ਸਿੱਖ ਨਿਰੰਤਰ ਪ੍ਰਭੂ ਦੀ ਹਜ਼ੂਰੀ ਵਿੱਚ ਵਿਚਰਨ ਦੀ ਕੋਸ਼ਿਸ਼ ਕਰਦਾ ਹੈ। ਪ੍ਰਭੂ ਹੋਰ ਬਖਸ਼ਿਸ਼ਾਂ ਕਰਦੇ ਹਨ, ਗੁਰੂ ਰਾਹੀਂ ਉਸਦੀ ਝੋਲੀ ਅੰਦਰ ਨਾਮ ਦੀ ਦਾਤ ਪਾ ਦੇਂਦੇ ਹਨ ਜਦ ਉਹ ਸੱਚੇ ਮਨ ਨਾਲ ਅਰਦਾਸ ਕਰਦਾ ਹੈ :

*ਤੇਰੀ ਪਨਹਿ ਖੁਦਾਇ ਤੂ ਬਖਸੰਦਗੀ॥*
*ਸੇਖ ਫਰੀਦੈ ਖੈਰੁ ਦੀਜੈ ਬੰਦਗੀ॥*

(ਪੰਨਾ 488)

ਨਾਮ ਉਸਨੂੰ ਪ੍ਰੇਰਣਾ ਦੇਂਦਾ ਹੈ ਅਮਲੀ ਜੀਵਨ ਦੀ :

*ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ॥*
*ਹਰਿ ਨਾਮੋ ਹਰਿ ਨਾਮੁ ਦੇਵੈ, ਮੇਰੇ ਪ੍ਰਨਿ ਵਸਾਏ ਰਾਮ॥*

(ਪੰਨਾ 442)

ਸਿੱਖ ਦਾ ਹਿਰਦਾ ਵਿਸ਼ਾਲ ਹੋ ਜਾਂਦਾ ਹੈ, ਸਾਰੀ ਮਨੁੱਖਤਾ ਨਾਲ ਉਸਦਾ ਪਿਆਰ ਪੈ ਜਾਂਦਾ ਹੈ, ਸਾਰੇ ਆਪਣੇ ਲਗਦੇ ਹਨ, ਕੋਈ ਪਰਾਇਆ ਜਾਪਦਾ ਹੀ ਨਹੀਂ। ਉਸਨੂੰ ਚਾਅ ਚੜ੍ਹਦਾ ਹੈ ਕਿ ਸਭ ਦਾ ਦੁਖ ਦੂਰ ਕਰ ਸਕਾਂ, ਸਾਰਿਆਂ ਦੇ ਅਥਰੂ ਪੂੰਝਾਂ, ਲੋੜਵੰਦਾਂ ਦੀ ਮਦਦ ਕਰਾਂ, ਗਰੀਬਾਂ-ਦੁਖੀਆਂ ਦਾ ਸੇਵਕ ਬਣ ਜਾਵਾਂ, ਸਾਰੀ ਦੁਨੀਆਂ ਦੀ ਚਰਣ ਧੂੜ ਬਣ ਜਾਵਾਂ। ਉਸਨੂੰ ਸਮਝ ਪੈ ਜਾਂਦੀ ਹੈ ਗੁਰੂ ਦੁਆਰਾ ਦਰਸਾਏ ਮਾਰਗ ਦੀ ਤੇ ਉਹ ਆਪਣਾ ਜੀਵਨ ਪ੍ਰਭੂ ਦੇ ਲੇਖੇ ਲਾ ਦੇਂਦਾ ਹੈ।

*ਗੁਰਸਿਖ ਮੀਤ ਚਲਹੁ ਗੁਰ ਚਾਲੀ* (ਪੰਨਾ 667)

ਇਸ ਮਾਰਗ ਤੇ ਟੁਰਦਿਆਂ, ਜੋ ਕੁਛ ਉਸਦੇ ਜੀਵਨ ਅੰਦਰ ਵਾਪਰਦਾ ਹੈ, ਉਸਨੂੰ ਉਹ ਭਲਾ ਕਰਕੇ (being in his best interest) ਮੰਨਦਾ ਹੈ :

*ਜੋ ਗੁਰੁ ਕਹੈ ਸੋਈ ਭਲ ਮਾਨਹੁ*

ਤੇ ਇਸ ਤਰ੍ਹਾਂ ਉਸਨੂੰ ਪ੍ਰਭੂ ਦੀ ਨਿਰਾਲੀ ਕਥਾ (... ਹਰਿ ਹਰਿ ਕਥਾ ਨਿਰਾਲੀ) ਦੀ ਸੋਝੀ ਆ ਜਾਂਦੀ ਹੈ ਤੇ ਉਸਦੀ ਜ਼ਿੰਦਗੀ ਦਾ ਮਕਸਦ "ਗੋਬਿੰਦ ਮਿਲਨ" ਪੂਰਾ ਹੋ ਜਾਂਦਾ ਹੈ ਗੁਰੂ ਨੂੰ ਆਪਣੀ ਬਾਂਹ ਪਕੜਾਣ ਕਰ ਕੇ। ■

# ਕੈਸਟ ਸਮੀਖਿਆ

ਭਾਈ ਅਵਤਾਰ ਸਿੰਘ ਹੰਸ
ਗੁਰੂ ਅਰਜਨ ਕੀਰਤਨ ਅਕੈਡਮੀ, ਸੁਨਾਮੀ ਗੇਟ, ਸੰਗਰੂਰ

**ਕੈਸਟ ਦਾ ਨਾਮ** : ਭਜਹੁ ਗੋਬਿੰਦ **ਕੰਪਨੀ** : M.V.I. **ਰਾਗੀ** : ਡਾ. ਜਾਗੀਰ ਸਿੰਘ

ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ, ਉਚ ਕੋਟੀ ਦੇ ਟਕਸਾਲੀ ਕੀਰਤਨੀਏ, ਸ਼੍ਰੋਮਣੀ ਰਾਗੀ, ਡਾ. ਜਾਗੀਰ ਸਿੰਘ ਜੀ ਕਿਸੇ ਵਿਸ਼ੇਸ਼ ਜਾਣਕਾਰੀ ਦੇ ਮੁਥਾਜ ਨਹੀਂ, ਗੁਰਮਤਿ ਸੰਗੀਤ ਖੇਤਰ ਵਿੱਚ ਆਪ ਜੀ ਦਾ ਵਿਖਿਆਤ ਨਾਮ ਹੈ। ਗੁਰਮਤਿ ਸੰਗੀਤ ਪ੍ਰਤੀ ਆਪ ਜੀ ਨੇ ਭਾਰੀ ਯੋਗਦਾਨ ਪਾਇਆ ਹੈ ਤਨ, ਮਨ, ਧਨ, ਨਾਲ ਸੰਗੀਤ ਦੀ ਸੇਵਾ ਕੀਤੀ ਹੈ। ਕੀਰਤਨ ਆਪ ਜੀ ਬੇਹੱਦ ਰਸਭਿੰਨਾ, ਰਾਗ ਮਈ ਤੇ ਬੈਰਾਗ ਮਈ ਕਰਦੇ ਹਨ। ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਵਿੱਚ ਆਪ ਜੀ ਨੂੰ ਖਾਸ ਮੁਹਾਰਤ ਹਾਸਲ ਹੈ ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ. ਹਨ। ਸੰਗੀਤ ਦੀਆਂ ਹਰ ਤਰ੍ਹਾਂ ਦੀਆਂ ਬਰੀਕੀਆਂ ਤੋਂ ਜਾਣੂ ਹਨ। ਸੰਗੀਤ ਦੀ ਦਾਤ ਆਪ ਜੀ ਨੂੰ ਵਿਰਸੇ ਵਿੱਚ ਹੀ ਪ੍ਰਾਪਤ ਹੋਣੀ ਹੈ ਗੁਰੂ ਘਰ ਦੇ ਮਹਾਨ ਕੀਰਤਨੀਏ, ਸ਼੍ਰੋਮਣੀ ਰਾਗੀ, ਸ੍ਰ: ਭਾਈ ਉੱਤਮ ਸਿੰਘ ਜੀ ਪਤੰਗ ਆਪ ਜੀ ਦੇ ਪਿਤਾ ਜੀ ਸਨ।

ਗੁਰਮਤਿ ਸੰਗੀਤ ਖੇਤਰ ਵਿੱਚ ਡਾ. ਸਾਹਿਬ ਜੀ ਦੀਆਂ ਅਨੇਕਾਂ ਸੇਵਾਵਾਂ ਅਤੇ ਅਨਗਿਣਤ ਪ੍ਰਾਪਤੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਚਾਰ ਹਿਤ ਆਪ ਜੀ ਨੇ ਮਹਾਨ ਉਪਰਾਲਾ ਕਰਕੇ ਸੰਨ 1989 ਵਿੱਚ 'ਅੰਮ੍ਰਿਤ ਕੀਰਤਨ' ਮੈਗਜ਼ੀਨ ਸ਼ੁਰੂ ਕੀਤਾ ਜੋ ਹੁਣ ਡਾ. ਸਾਹਿਬ ਜੀ ਦੀ ਅਣਥੱਕ ਮਿਹਨਤ ਸਦਕਾ ਅਪਾਰ ਸਫਲਤਾ ਨਾਲ ਚਲ ਰਿਹਾ ਹੈ।

ਗੁਰਬਾਣੀ ਸੰਗੀਤ ਨੂੰ ਵਿਸ਼ੇ ਵਜੋਂ ਸਕੂਲ ਕਾਲਜਾਂ ਵਿੱਚ ਮਾਨਤਾ ਦਿਵਾਉਣ ਵਿੱਚ ਡਾ. ਜਾਗੀਰ ਸਿੰਘ ਹੁਰਾਂ ਦਾ ਭਾਰੀ ਯੋਗਦਾਨ ਹੈ।

ਗੁਰਮਤਿ ਸੰਗੀਤ ਦੀ ਮਹਾਨ ਸੇਵਾ ਸਦਕਾ ਅਤੇ ਉੱਚ ਕੋਟੀ ਦੇ ਕੀਰਤਨੀਏ ਹੋਣ ਨਾਤੇ ਆਪ ਜੀ ਨੂੰ ਕਈ ਸੰਸਥਾਵਾਂ ਨੇ ਐਵਾਰਡ ਦੇ ਕੇ ਸਨਮਾਨਿਤ ਕੀਤਾ ਹੈ।

**ਭਾਈ ਅਵਤਾਰ ਸਿੰਘ 'ਹੰਸ,**

**ਜਨਮ** : 2-4-1969
**ਜਨਮ ਸਥਾਨ** : ਪਿੰਡ ਅਲਾਲ, ਜਿਲ੍ਹਾ ਸੰਗਰੂਰ
**ਪਿਤਾ** : ਵੈਦ ਭਾਈ ਹਰਬੰਸ ਸਿੰਘ 'ਹੰਸ'
**ਮਾਤਾ** : ਬੀਬੀ ਗੁਰਚਰਨ ਕੌਰ
**ਵਿਦਿਅਕ ਯੋਗਤਾ** : ਮੈਟ੍ਰਿਕ
